ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: ੬੧

# ਕੀਰਤਨ ਕਿਸ ਲਈ ?

## (ਗੁਰੂ ਜੀ ਲਈ ਜਾਂ ਸੰਗਤ ਲਈ)

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਅਪ੍ਰੈਲ | ਸੰਮਤ ਖਾਲਸਾ | ਦੂਜੀ ਵਾਰ |
|---|---|---|
| ੧੯੯੭ | ੨੯੯ | ੨੦,੦੦੦ |

ਆਪ ਪੜ੍ਹ ਕੇ ਹੋਰਨਾ ਨੂੰ ਵੀ ਪੜ੍ਹਾਓ ।

1. ਉਠਿ ਇਸ਼ਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ॥ (੧੧੯੫)

2. ਪਰਭਾਤੇ ਪ੍ਰਭ ਨਾਮੁ ਜਪਿ
ਗੁਰ ਕੇ ਚਰਣ ਧਿਆਇ॥
ਜਨਮ ਮਰਣ ਮਲੁ ਉਤਰੈ
ਸਚੇ ਕੇ ਗੁਣ ਗਾਇ॥ (੭੬੫)

ਪ੍ਰੇਮ ਭੇਟਾ ਵਲੋਂ :

# ਕੀਰਤਨ-ਕਿਸ ਲਈ ?

## (ਗੁਰੂ ਜੀ ਲਈ ਜਾਂ ਸੰਗਤ ਲਈ)

ਹੋ ਸਕਦਾ ਹੈ ਸਾਡੇ ਵਿਚੋਂ ਬਹੁਤ ਸਾਰੇ ਗੁਰਸਿਖ ਵੀਰਾਂ-ਭੈਣਾਂ ਨੂੰ ਸਪਸ਼ਟ ਤੌਰ ਤੇ ਪਤਾ ਨਾਂਹ ਹੋਵੇ ਕਿ ਕੀਰਤਨ ਗੁਰੂ ਜੀ ਲਈ ਕੀਤਾ ਜਾਂਦਾ ਹੈ ਅਰਥਾਤ ਕੀਰਤਨ ਗੁਰੂ ਜੀ ਨੂੰ ਸੁਣਾਇਆ ਜਾਂਦਾ ਹੈ ਜਾਂ ਸੰਗਤ ਨੂੰ ?

ਡਾ: ਤੇਜਿੰਦਰ ਸਿੰਘ ਜੀ ਬੰਬਈ ਵਾਲਿਆਂ ਦੀ ਲਿਖੀ ਪੁਸਤਕ 'ਅੰਮ੍ਰਿਤ ਵੇਲਾ' ਦੇ ਆਧਾਰ ਤੇ ਧੰਨਵਾਦ ਸਹਿਤ ਇਹ ਵੀਚਾਰ ਸੰਖੇਪ ਰੂਪ ਵਿਚ ਪਾਠਕਾਂ ਨਾਲ ਸਾਂਝੇ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਜਾਂਦਾ ਹੈ ।

ਗੁਰੂ ਨਾਨਕ ਦੇਵ ਜੀ, "ਆਪ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਓ" ਅਨੁਸਾਰ ਭਾਂਵੇ ਆਪ ਗੋਬਿੰਦ ਰੂਪ ਹੀ ਸਨ (ਗੁਰੂ ਨਾਨਕ ਦੇਵ ਗੋਬਿੰਦ ਰੂਪ) ਪਰ ਉਨ੍ਹਾਂ ਨੇ ਆਪਣੀ ਉਮਤ ਨੂੰ, ਆਪਣੇ ਸਿਖਾਂ ਨੂੰ ਆਪਣੇ ਲੜ ਨਹੀਂ ਲਾਇਆ ਸਗੋਂ ਆਪਣੇ ਇਸ਼ਟ, ਅਕਾਲ ਪੁਰਖ ਨਾਲ ਹੀ ਜੋੜਿਆ ਅਤੇ ਦਸਵੇਂ ਜਾਮੇਂ ਵਿਚ "ਪੂਜਾ ਅਕਾਲ ਦੀ" ਕਰਨ ਦਾ ਸਪਸ਼ਟ ਉਪਦੇਸ਼ ਦਿਤਾ ।

ਗੁਰੂ ਪਾਤਸ਼ਾਹ ਨੇ ਆਪਣੇ ਇਸ਼ਟ ਬਾਰੇ ਆਪ ਲਿਖਿਆ ਹੈ ਕਿ ਉਨ੍ਹਾਂ ਦਾ ਇਸ਼ਟ (ਗੁਰੂ) ਅਕਾਲਪੁਰਖ ਹੈ :-

*ਅਪਰੰਪਰ ਪਾਰਬ੍ਰਹਮ ਪ੍ਰਮੇਸਰ*
*ਨਾਨਕ ਗੁਰੁ ਮਿਲਿਆ ਸੋਈ ਜੀਓ ॥*

ਗੁਰੂ ਨਾਨਕ ਪਾਤਸ਼ਾਹ ਕੀਰਤਨ ਸਮੇਂ ਜਿਥੇ ਆਪ ਅਕਾਲ ਪੁਰਖ ਨਾਲ ਜੁੜਦੇ ਸਨ ਉਥੇ ਸਿਖ ਸੰਗਤਾਂ ਨੂੰ ਵੀ ਉਸੇ ਨਾਲ ਜੋੜਦੇ ਸਨ । ਮਗਰੋਂ ਨੌਂ ਪਾਤਸ਼ਾਹੀਆਂ ਵੀ ਸੰਗਤਾਂ ਵਿਚ ਬੈਠ ਕੇ ਅਕਾਲ ਪੁਰਖ ਜੀ ਦੀ ਸਿਫਤ ਸਾਲਾਹ (ਕੀਰਤਨ) ਕਰਦੀਆਂ-ਸੁਣਦੀਆਂ ਹੁੰਦੀਆਂ ਸਨ ਜਿਸ ਤੋਂ ਸਪਸ਼ਟ ਹੁੰਦਾ ਹੈ

ਕਿ ਗੁਰੂ ਘਰ ਵਿਚ ਕੀਰਤਨ ਇਕ ਭਗਤੀ ਹੈ; ਪੂਜਾ ਹੈ । ਇਸ ਬਾਰੇ ਕੁਝ ਗੁਰਬਾਣੀ ਦੇ ਪਰਮਾਣ ਇਸ ਤਰਾਂ ਹਨ :-

1. *ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥*
*ਬਹੁੜਿ ਨ ਜੋਨੀ ਪਾਈਐ ॥ (੬੨੩)*
2. *ਭਾਇ ਭਗਤਿ ਪ੍ਰਭ ਕੀਰਤਨ ਲਾਗੈ ॥*
*ਜਨਮ ਜਨਮ ਕਾ ਸੋਇਆ ਜਾਗੈ ॥*
3. *ਜੀਵਤ ਸੇ ਪਰਵਾਣੁ ਹੋਏ, ਹਰਿ ਕੀਰਤਨਿ ਜਾਗੇ ॥ (੩੨੨)*
4. *ਜੋ ਜੋ ਕਥੈ ਸੁਨੈ ਹਰਿ ਕੀਰਤਨੁ*
*ਤਾ ਕੀ ਦੁਰਮਤਿ ਨਾਸੁ ॥*
*ਸਗਲ ਮਨੋਰਥ ਪਾਵੈ ਨਾਨਕ*
*ਪੂਰਨ ਹੋਵੈ ਆਸ ॥ (੧੩੦੦)*
5. *ਤਹਾ ਬੈਕੁੰਠ ਜਹ ਕੀਰਤਨੁ ਤੇਰਾ ॥ (੭੪੨)*

ਇਸੇ ਕਰ ਕੇ ਗੁਰੂ ਪਾਤਸ਼ਾਹ ਜਿਥੇ ਆਪ ਆਪਣੇ ਲਈ ਕਹਿੰਦੇ ਹਨ :-

*ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥ (੩੯੮)*

ਅਤੇ- *ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ ॥ (੫੧੮)*

ਉਥੇ ਸਾਨੂੰ ਸਿਖਾਂ ਨੂੰ ਵੀ ਉਪਦੇਸ਼ ਦੇਂਦਿਆਂ ਗੁਰੂ ਪਾਤਸ਼ਾਹ ਕਹਿੰਦੇ ਹਨ:

*ਗਾਵਹੁ ਗੁਣ ਕੀਰਤਨ ਨਿਤ ਸੁਆਮੀ ॥ (੮੨੭)*

ਇਸ ਤਰਾਂ ਸਪਸ਼ਟ ਹੋਇਆ ਕਿ ਸਿਖ ਨੇ ਵੀ ਆਪਣੇ ਗੁਰੂ ਸਾਹਿਬਾਨ ਦੀ ਤਰਾਂ ਇਕ ਅਕਾਲਪੁਰਖ ਦੀ ਆਰਾਧਨਾ ਕਰਨੀ ਹੈ, ਉਸਦਾ ਜਸ ਕਰਨਾ ਹੈ ਜਾਂ ਕੀਰਤਨ ਕਰਨਾ ਹੈ ।

2. ਇਹ ਸਭ ਨੂੰ ਹੀ ਪਤਾ ਹੈ ਗੁਰੂ ਨਾਨਕ ਪਾਤਸ਼ਾਹ ਆਪ ਵਾਹਿਗੁਰੂ

ਅਕਾਲਪੁਰਖ ਦੀ ਸਿਫਤ ਸਾਲਾਹ (ਕੀਰਤਨ) ਕਰਦੇ ਹੁੰਦੇ ਸਨ ਅਤੇ ਭਾਈ ਮਰਦਾਨਾ ਜੀ ਰਬਾਬ ਵਜਾਇਆ ਕਰਦੇ ਸਨ । ਮਗਰੋਂ ਹੋਰ ਗੁਰ ਵਿਅਕਤੀਆਂ ਵੀ ਆਪੋ ਆਪਣੇ ਸਮੇਂ ਜਿਥੇ ਆਪ ਅਕਾਲ ਪੁਰਖ ਦੀ ਆਰਧਨਾ, ਕੀਰਤਨ ਕਰਦੀਆਂ ਰਹੀਆਂ ਉਥੇ ਉਹ "ਗੁਰੁ ਪਰਮੇਸਰੁ ਏਕੋ ਜਾਣੁ" (੮੬੪) ਅਨੁਸਾਰ ਉਨ੍ਹਾਂ ਦੀ ਹਜ਼ੂਰੀ ਵਿਚ ਕੀਰਤਨੀਏ-ਰਬਾਬੀ ਕੀਰਤਨ ਕਰਿਆ ਕਰਦੇ ਸਨ ।

ਹੁਣ ਦਸਾਂ ਪਾਤਸ਼ਾਹੀਆਂ ਦੀ ਜੋਤ ਅਤੇ ਜੁਗੋ-ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਕੀਤਾ ਜਾਂਦਾ ਹੈ ਤਾਂ ਇਸ ਤੋਂ ਭਾਵ ਇਹੋ ਹੀ ਹੁੰਦਾ ਹੈ ਕਿ ਕੀਰਤਨ (ਜੋ ਇਕ ਭਗਤੀ ਹੈ) ਆਪਣੇ ਇਸ਼ਟ, ਆਪਣੇ ਗੁਰੂ ਜੀ ਨੂੰ ਹੀ ਸੁਣਾਉਣਾ ਹੁੰਦਾ ਹੈ । ਇਸਤਰਾਂ ਕੀਰਤਨ ਗੁਰੂ ਜੀ ਨੂੰ ਹੀ ਸੁਣਾਇਆ ਜਾਂਦਾ ਹੈ ।

## ਅਸਲ ਭਗਤੀ

ਅਸਲ ਪੂਜਾ, ਅਸਲ ਭਗਤੀ ਉਹੋ ਹੀ ਸੰਪੂਰਨ ਮੰਨੀ ਗਈ ਹੈ ਜਿਸ ਵਿਚ ਧਿਆਨ ਪੂਰਨ ਤੌਰ ਤੇ ਆਪਣੇ ਇਸ਼ਟ, ਆਪਣੇ ਗੁਰੂ ਵਿਚ ਖੁਭਿਆ ਰਹੇ ।

ਜੇ ਆਰਾਧਨਾ ਦੇ ਸਮੇਂ ਧਿਆਨ ਆਪਣੇ ਇਸ਼ਟ ਦੇ ਚਰਨਾਂ ਵਿਚ ਨਾ ਲਗੇ (ਜੁੜੇ) ਜਾਂ ਇਉਂ ਸਮਝੋ ਕਿ ਕੀਰਤਨ ਸਮੇਂ ਜੇ ਪੂਰਨ ਧਿਆਨ ਆਪਣੇ ਗੁਰੂ ਜੀ ਦੇ ਚਰਨਾਂ ਵਿਚ ਨਹੀਂ ਖੁਭਦਾ (ਜੁੜਦਾ) ਤਾਂ ਸਮਝੋ ਉਹ ਕੀਰਤਨ ਗੁਰੂ ਸਾਹਿਬ ਜੀ ਨੂੰ ਨਹੀਂ ਸੁਣਾਇਆ ਜਾ ਰਿਹਾ ਅਤੇ ਉਹ ਪੂਰਨ ਭਗਤੀ ਨਹੀਂ ਹੈ ।

ਧਿਆਨ ਦਾ ਅਸਲ ਆਦਰਸ਼ ਹੀ ਇਹ ਹੁੰਦਾ ਹੈ ਕਿ ਧਿਆਨ ਧਰਨ ਸਮੇਂ, ਜਿਸ ਦਾ ਧਿਆਨ ਧਰਿਆ ਜਾਂਦਾ ਹੈ, ਉਸ ਤੋਂ ਵਖਰਾ ਹੋਰ ਕੁਝ ਅੰਤਰ-

ਆਤਮੇ ਨਜ਼ਰ ਹੀ ਨਾਂਹ ਆਵੇ । ਇਸ ਲਈ ਜ਼ਰੂਰੀ ਹੈ ਕਿ ਰਬੀ ਕੀਰਤਨੀਆ–

*ਓ ਅੰਕਾਰਿ ਏਕੁ ਧੁਨਿ ਏਕੈ, ਏਕੈ ਰਾਗੁ ਅਲਾਪੈ ॥*
*ਏਕਾ ਦੇਸੀ, ਏਕੁ ਦਿਖਾਵੈ, ਏਕੋ ਰਹਿਆ ਬਿਆਪੈ ॥*
*ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ ॥*

ਅਨੁਸਾਰ ਕੀਰਤਨ ਕਰਨ ਵਾਲਾ ਇਕੋ ਵਾਹਿਗੁਰੂ ਜੀ ਵਿਚ ਧੁਨੀ ਲਾਵੇ, ਉਸ ਇਕ ਦਾ ਹੀ ਰਾਗ ਅਲਾਪੇ, (ਉਸ ਸਮੇਂ) ਉਹ ਇਕ ਵਾਹਿਗੁਰੂ ਜੀ ਦੇ ਦੇਸ਼ ਦਾ ਵਾਸੀ ਬਣੇ, ਉਸ ਨੂੰ ਉਹ ਆਪ ਸਰਬ ਵਿਆਪੀ ਦਿਸੇ ਅਤੇ ਹੋਰਨਾਂ (ਸ੍ਰੋਤਿਆਂ) ਨੂੰ ਵੀ ਇਸਤਰਾਂ ਦਰਸ਼ਨ ਕਰਾਵੇ ।

ਉਸ ਦੀ ਸੁਰਤ ਇਕ ਵਿਚ ਹੋਵੇ, ਸੇਵਾ ਵੀ ਇਕ ਦੀ ਹੋਵੇ, ਅਤੇ ਇਹ (ਸਭ ਕੁਝ) ਗੁਰੂ ਜੀ ਜੋਗ ਹੀ ਅਰਪਣ ਹੋਈ (ਭਾਵ ਉਨ੍ਹਾਂ ਨੂੰ ਹੀ ਪਿਆਰ ਸਤਿਕਾਰ ਸਹਿਤ ਸੁਣਾਈ ਜਾਣੀ ਹੈ) ਕਿਉਂਕਿ ਇਕ ਵਾਹਿਗੁਰੂ ਜੀ ,ਉਹਨਾਂ ਗੁਰੂ ਜੀ ਦੇ ਰਾਹੀਂ, ਉਨ੍ਹਾਂ ਦੀ ਕ੍ਰਿਪਾਲਤਾ ਦੁਆਰਾ ਹੀ ਪ੍ਰਾਪਤ ਹੋਣੇ ਹਨ ।

ਗੁਰੂ ਸਾਹਿਬ ਜੀ ਨੇ 'ਤੱਤ ਗਿਆਨ' ਅਤੇ ਵਡੇ ਤੋਂ ਵਡੇ 'ਧਿਆਨ' ਤੇ ਕੀਰਤਨ ਵਿਚ ਸਭ ਤੋਂ ਉਚੀ "ਧੁਨੀ" ਇਹੋ ਦਸੀ ਹੈ ਕਿ ਆਪਣੇ ਗੁਰੂ ਜੀ ਨਾਲ ਮਿਲ ਕੇ ਕੀਰਤਨ ਕਰੋ :–

*.....ਜੇ ਲੋੜਹਿ ਸਦਾ ਸੁਖੁ ਭਾਈ ॥*
*ਸਾਧੂ ਸੰਗਤਿ ਗੁਰਹਿ ਬਤਾਈ ॥*
*ਊਹਾ ਜਪੀਐ ਕੇਵਲ ਨਾਮ ॥*
*ਸਾਧੂ ਸੰਗਤਿ ਪਾਰਗਰਾਮ ॥*
*ਸਗਲ ਤਤ ਮਹਿ ਤਤੁ ਗਿਆਨੁ ॥*
*ਸਰਬ ਧਿਆਨ ਮਹਿ ਏਕੁ ਧਿਆਨ ॥*
*ਹਰਿ ਕੀਰਤਨ ਮਹਿ ਊਤਮ ਧੁਨਾ ॥*
*ਨਾਨਕ ਗੁਰ ਮਿਲਿ ਗਾਇ ਗੁਨਾ ॥ (੧੧੮੨)*

ਇਸੇ ਲਈ ਗੁਰੂ ਜੀ ਨਾਲ ਮਿਲ ਕੇ ਹਰਿ-ਹਰਿ ਗਾਉਣ ਵਾਲਿਆਂ ਨੂੰ "ਰੰਗ-ਰਤੇ" ਜਾਂ 'ਗੂੜੇ ਲਾਲ' ਆਦਿ ਸ਼ਬਦਾਂ ਨਾਲ ਕਹਿ ਕੇ ਨਿਵਾਜਿਆ ਗਿਆ ਹੈ :-

*ਸੋ ਲਾਲ ਭਏ ਗੂੜੈ ਰੰਗਿ ਰਾਤੇ ॥*

*ਜਿਨ ਗੁਰ ਮਿਲਿ ਹਰਿ ਹਰਿ ਪਾਇਆ ॥*

## ਸਤਿ ਸੰਗਤਿ

ਅਸਲੀਅਤ ਇਹ ਹੈ ਕਿ ਜੇ ਸਾਡੇ ਆਪਣੇ ਧਿਆਨ ਵਿਚ ਗੁਰੂ ਜੀ ਨਹੀਂ ਹਨ ਤਾਂ ਉਹ "ਸਤਿਗੁਰ ਬਾਝਹੁ ਸੰਗਤਿ ਨ ਹੋਈ" (੧੦੯੮) ਦੇ ਮਹਾਂਵਾਕ ਅਨੁਸਾਰ ਸਹੀ ਅਰਥਾਂ ਵਿਚ ਸਤਿਸੰਗਤ ਹੀ ਨਹੀਂ। ਇਹ ਸੰਗਤ ਤਾਂ ਹੋ ਸਕਦੀ ਹੈ ਜਿਥੇ ਹਰ ਇਕ ਪ੍ਰਾਣੀ ਦਾ ਆਪੋ ਆਪਣਾ ਧਿਆਨ ਹੁੰਦਾ ਹੈ ਪਰ ਸਤਿ ਸੰਗਤਿ ਨਹੀਂ ਹੋ ਸਕਦੀ। ਕਿਉਂਕਿ ਸਤਿਸੰਗਤਿ ਵਿਚ ਗੁਰੂ ਜੀ ਦੀ ਹਜ਼ੂਰੀ ਹੁੰਦੀ ਹੈ। ਦੂਜੇ ਸ਼ਬਦਾਂ 'ਚ ਸਤਿਸੰਗਤਿ ਗੁਰੂ ਜੀ ਦੀ ਹੀ ਕਰੀ ਦੀ ਹੁੰਦੀ ਹੈ।

*ਜਹ ਸਤਿਗੁਰੁ ਤਹ ਸਤ ਸੰਗਤਿ ਬਣਾਈ ॥*
*ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥*

ਭਾਵ-ਜਿਥੇ (ਧਿਆਨ ਵਿਚ) ਸਤਿਗੁਰ ਜੀ ਹਨ ਉਥੇ ਹੀ ਸਤਿਸੰਗਤਿ ਬਣਦੀ ਹੈ ਤੇ ਗੁਰੂ ਜੀ ਦੇ ਸਤਿਸੰਗ ਵਿਚ ਹੀ ਹਰੀ ਪ੍ਰਭੂ ਦੇ ਗੁਣ ਗਾਇਣ ਹੁੰਦੇ ਹਨ। ਇਸ ਤਰ੍ਹਾਂ ਜਦ ਸਤਿਸੰਗ ਹੀ ਗੁਰੂ ਜੀ ਤੋ ਬਿਨਾਂ ਨਹੀਂ ਹੋ ਸਕਦਾ ਤਾਂ ਸਪਸ਼ਟ ਹੈ ਕਿ ਭਗਤੀ ਵੀ ਗੁਰੂ ਜੀ ਦੀ ਹਜ਼ੂਰੀ ਤੋ ਬਿਨਾਂ ਨਹੀਂ ਹੋ ਸਕਦੀ। ਜਿਵੇ :-

1. *ਬਿਨੁ ਸਤਿਗੁਰ ਭਗਤਿ ਨ ਹੋਵਈ*
   *ਨਾਮਿ ਨ ਲਗੈ ਪਿਆਰ ॥*

2. *ਭਾਈ ਰੇ, ਗੁਰ ਬਿਨ ਭਗਤ ਨ ਹੋਇ ॥*
*ਬਿਨੁ ਗੁਰ ਭਗਤਿ ਨ ਪਾਈਐ*
*ਜੇ ਲੋਚੈ ਸਭੁ ਕੋਇ ॥*

3. *ਸਚਾ ਪ੍ਰੇਮ ਪਿਆਰੁ, ਗੁਰ ਪੂਰੇ ਤੇ ਪਾਈਐ ॥* (੧੪੨੨)

## ਹਜ਼ੂਰੀ ਵਿਚ ਕੀਰਤਨ-ਪਾਠ

ਹਰੀ ਦੇ ਨਾਮ-ਜਲ ਦੀ ਵਰਖਾ (ਝਿਮਿ ਝਿਮਿ ਅੰਮ੍ਰਿਤ ਵਰਸਦਾ) ਹਰ ਥਾਂ ਅਤੇ ਹਰ ਸਮੇਂ ਹੋ ਰਹੀ ਹੈ ਪਰ ਉਹੋ ਜੀਵ ਉਸ ਨੂੰ ਪ੍ਰਾਪਤ ਕਰ ਕੇ "ਤਨ ਮਨ ਥੀਵੈ ਹਰਿਆ" ਹੁੰਦੇ ਹਨ ਜੋ ਗੁਰੂ ਜੀ ਦੇ ਰਾਹੀਂ ਹਰੀ ਦੇ ਵਿਚ ਲੀਨ ਹੁੰਦੇ ਹਨ :–

*ਇਹੁ ਜਲੁ ਸਭ ਤੇ ਵਰਸਦਾ, ਵਰਸੈ ਭਾਇ ਸੁਭਾਇ ॥*
*ਸੇ ਬਿਰਖ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥*
*ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥*

ਇਸ ਲਈ ਜ਼ਰੂਰੀ ਹੈ ਕਿ :–

1. *ਮਿਲਿ ਸਾਧ (ਗੁਰੂ) ਨਿਤ ਭਜਹੁ ਨਾਰਾਇਣ ॥*
2. *ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥*
   *ਅੰਮ੍ਰਿਤ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ ॥*
3. *ਹਰਿ ਕਾ ਨਾਮੁ ਜਪੀਐ ਸਾਧ ਸੰਗਿ ॥*
   *ਹਰਿ ਕੈ ਨਾਮ ਕਾ ਪੂਰਨ ਰੰਗੁ ॥*

(ਹਰੀ ਦਾ ਨਾਮ ਸਾਧ ਸੰਗਤ ਦੁਆਰਾ ਜਪਣਾ ਚਾਹੀਦਾ ਹੈ ਕਿਉਂਕਿ ਇਸ ਤਰਾਂ ਜਪਣ ਨਾਲ ਨਾਮ ਦਾ ਪੂਰਾ ਪੂਰਾ ਰੰਗ ਚੜ੍ਹਦਾ ਹੈ) ਨਾਮ ਦਾ ਅਸਰ ਉਂਞ ਵੀ ਚੰਗਾ ਹੁੰਦਾ ਹੈ ਪਰ ਸਾਧ ਸੰਗਤੁ ਰਾਹੀਂ ਜਪਣ ਨਾਲ ਪੂਰੇ ਤੌਰ ਤੇ ਸਹਜੇ ਹੀ ਅਸਰ ਕਰਦਾ ਹੈ । ਇਸੇ ਕਰ ਕੇ ਸਾਨੂੰ ਉਪਦੇਸ਼ ਹੈ :–

*ਮਿਲਿ ਸਤਸੰਗਤਿ ਸੰਗਿ ਗੁਰਾਹਾ ॥*
*ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥*

ਭਾਵ—ਸਤਿਸੰਗ ਵਿਚ ਗੁਰੂ ਜੀ ਨਾਲ ਮਿਲ ਕੇ ਨਾਮ ਰੂਪੀ ਪੂੰਜੀ ਪ੍ਰਾਪਤ ਕਰੋ।

## ਇਕ ਹੋਰ ਗਲ

ਜਦੋਂ ਅਸੀਂ ਅਰਦਾਸ ਵਿਚ "ਆਪ ਜੀ ਦੇ ਹਜ਼ੂਰ ਸ਼ਬਦ ਕੀਰਤਨ ਦੀ ਅਰਦਾਸ" ਜਾਂ ਆਪ ਜੀ ਦੇ ਹਜ਼ੂਰ ਰਹਰਾਸਿ, ਅਨੰਦ ਮੁੰਦਾਵਣੀ ਜੀ ਕੀ ਅਰਦਾਸ ਕਹਿੰਦੇ ਹਾਂ ਤਾਂ ਇਸ ਦਾ ਭਾਵ ਇਹੋ ਹੁੰਦਾ ਹੈ ਕਿ ਜੋ ਕੀਰਤਨ ਜਾਂ ਪਾਠ ਹੋਇਆ ਹੈ ਉਹ ਆਪ ਜੀ ਦੇ ਚਰਨਾਂ ਵਿਚ ਧਿਆਨ ਰਖ ਕੇ ਹੀ ਹੋਇਆ ਹੈ। ਦੂਜੇ ਸ਼ਬਦਾਂ 'ਚ ਉਹ ਅਰਦਾਸ ਹੀ ਕਾਹਦੀ ਹੋਈ ਜੋ ਪਾਠ ਜਾਂ ਕੀਰਤਨ ਗੁਰੂ ਜੀ ਨੂੰ ਨਹੀਂ ਸੁਣਾਇਆ ਗਿਆ ?

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜੋ ਅਨਭਵੀ ਪੁਰਸ਼ ਸਨ, ਦੀਆਂ ਲਿਖਤਾਂ ਵਿਚ ਵੀ ਪਾਠ ਜਾਂ ਬਾਣੀ ਹਜ਼ੂਰੀ ਵਿਚ ਪੜ੍ਹਨ ਦੀ ਬੜੀ ਤਾਕੀਦ ਵਿਸਥਾਰ ਨਾਲ ਕੀਤੀ ਮਿਲਦੀ ਹੈ।

ਇਸ ਤਰਾਂ ਹੋਰ ਸਪਸ਼ਟ ਹੋਇਆ ਕਿ ਕੀਰਤਨ ਗੁਰੂ ਜੀ ਨੂੰ ਹੀ ਸੁਣਾਇਆ ਜਾਂਦਾ ਹੈ ; ਸੰਗਤ ਨੂੰ ਨਹੀਂ। ਸੰਗਤ ਤਾਂ ਆਪ ਆ ਕੇ ਸੁਣਦੀ ਹੈ।

ਗੁਰੂ ਦਾ ਦਰਬਾਰ ਲਗਦਾ ਹੈ, ਢਾਡੀ ਆ ਕੇ ਪ੍ਰਭੂ ਦੇ ਗੁਣ ਗਾਇਣ ਕਰਦੇ ਹਨ। ਉਸ ਦਰਬਾਰ ਵਿਚ ਗੁਰੂ ਦੇ ਸਿਖ ਵੀ ਆ ਕੇ ਹਾਜ਼ਰੀ ਭਰਦੇ ਹਨ। ਸਭ ਤੋਂ ਉਚਾ, ਤਖਤ ਉਤੇ ਪਾਤਸ਼ਾਹ ਬੈਠਾ ਹੈ। ਗਾਇਣ ਹੋ ਰਿਹਾ ਹੈ ਬਾਣੀ ਦਾ ਤੇ ਸੁਣਾਇਆ ਜਾ ਰਿਹਾ ਹੈ ਗੁਰੂ ਜੀ ਨੂੰ।

ਜੇ ਕੋਈ ਸਿਖ ਵੀ ਨਾਲ ਪੜ੍ਹ ਰਿਹਾ ਹੈ ਜਿਵੇਂ ਕਿ ਆਸਾ ਕੀ ਵਾਰ ਦਾ ਸਲੋਕ ਜਾਂ ਪਉੜੀ ਗਾਇਣ ਕਰ ਰਿਹਾ ਹੈ ਤਾਂ ਉਹ ਸਭ ਗੁਰੂ ਜੀ ਲਈ ਹੀ ਹੈ ; ਜੋ ਹੈ ਚੰਦਰਮਾ ਸਾਰੀ ਸਭਾ ਦਾ।

# ਸਤਿ ਸੰਗ

ਸਤਿਸੰਗ ਦਾ ਅਰਥ ਹੈ "ਉਹ ਸੰਗਿ (ਮੇਲ) ਕਰਨਾ ਜਿਸ ਦਾ ਪ੍ਰਯੋਜਨ ਹੈ ਸ੍ਰੀ ਸਤਿ (ਸੱਚ) (ਸਚ ਪਰਮੇਸ਼ਵਰ ਨਿਤ ਨਵਾਂ) ਦੀ ਪ੍ਰਾਪਤੀ ਲਈ ਉਦਮ" ਅਤੇ ਇਸ ਪ੍ਰਯੋਜਨ ਲਈ ਸਭ ਤੋਂ ਉਚਾ ਅਤੇ ਸਭ ਤੋਂ ਲਾਭਦਾਇਕ ਸਤਿਸੰਗ ਹੈ ਸਤਿਗੁਰੂ ਜੀ ਦਾ ।

ਜਦ ਸਤਿਗੁਰੂ ਜੀ ਦਾ ਪ੍ਰਕਾਸ਼ ਹੈ ਜਾਂ ਦਰਬਾਰ ਹੈ ਤਾਂ ਹਰ ਕੋਈ ਉਥੇ ਗੁਰੂ ਮਹਾਰਾਜ ਜੀ ਦਾ ਸਤਿਸੰਗ ਕਰਨ ਜਾਏਗਾ ਨਾ ਕਿ ਕਿਸੇ ਹੋਰ ਦਾ । ਕਿਉਂਕਿ ਗੁਰੂ ਜੀ ਹਰ ਸਿਖ ਤੋਂ ਹਰ ਪਖੋਂ ਬਹੁਤ ਹੀ ਉਚੀ ਪਧਰ ਤੇ ਹਨ ।

ਉਥੇ ਜੋ ਕੁਝ ਵੀ ਹੋਏਗਾ ਉਹ ਗੁਰੂ ਜੀ ਵਾਸਤੇ ਹੀ ਹੋਏਗਾ । ਬਾਕੀ ਜੋ ਵੀ ਉਥੇ ਹੈ ਉਹ ਉਥੋਂ ਦੇ ਪ੍ਰੋਗਰਾਮ ਵਿਚ ਸ਼ਾਮਲ ਹੋ ਰਿਹਾ ਹੈ ਅਤੇ ਹਿਸਾ ਲੈ ਰਿਹਾ ਹੈ ।

ਪਰ ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਕੀਰਤਨੀ ਜਥੇ ਦੀ ਸਟੇਜ ਦਾ ਮੂੰਹ ਬਿਲਕੁਲ ਸੰਗਤ ਵਲ ਮੁੜਿਆ ਹੁੰਦਾ ਹੈ ਅਤੇ ਸਤਿਗੁਰ ਜੀ ਵਲ ਅੱਧ-ਪਚੱਧੀ ਪਿਠ ਹੀ ਹੁੰਦੀ ਹੈ । ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਸੇ ਇਕ ਕਮਰੇ ਵਿਚ ਹੁੰਦਾ ਹੈ, ਕੀਰਤਨੀਏ ਅਤੇ ਸੰਗਤ ਬਾਹਿਰ ਖੁਲ੍ਹੀ ਥਾਂ ਤੇ ਬੈਠੀ ਹੁੰਦੀ ਹੈ । ਇਸ ਤਰਾਂ ਕੀਰਤਨ ਸੰਗਤ ਨੂੰ ਸੁਣਾਇਆ ਜਾ ਰਿਹਾ ਹੁੰਦਾ ਹੈ, ਗੁਰੂ ਜੀ ਨੂੰ ਨਹੀਂ । ਇਹ ਅੱਵਗਿਆ ਹੈ, ਬੇਅਦਬੀ ਹੈ ; ਭੁਲ ਹੈ ਜੋ ਕਿ ਨਹੀਂ ਹੋਣੀ ਚਾਹੀਦੀ ।

ਇਹ ਲਾਈਨਾਂ ਲਿਖਦਿਆਂ ਲਿਖਦਿਆਂ ਸੇਵਕ ਨੂੰ 1943 ਦੀ ਇਕ ਅਖੀਂ ਵੇਖੀ ਘਟਨਾ ਯਾਦ ਆ ਗਈ ਜੋ ਇਥੇ ਪਾਠਕਾਂ ਨਾਲ ਸਾਂਝੀ ਕਰਨ 'ਚ ਅਯੋਗ ਨਹੀਂ ਹੋਵੇਗੀ ।

ਉਸ ਸਮੇਂ ਲਾਹੌਰ (ਹੁਣ ਪਾਕਿਸਤਾਨ ਦਾ ਇਕ ਸ਼ਹਿਰ) ਕ੍ਰਿਸ਼ਨ ਨਗਰ

ਦੇ ਇਕ ਗੁਰਦੁਆਰੇ ਵਿਚ 2-3 ਦਿਨਾਂ ਲਈ ਬਾਹਿਰੋਂ ਇਕ ਰਾਗੀ ਜਥਾ ਕੀਰਤਨ ਕਰਨ ਲਈ ਆਇਆ । ਸ਼ਾਮ ਨੂੰ ਪਹਿਲੇ ਦੀਵਾਨ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਬਿਲਕੁਲ ਸਾਹਮਣੇ ਪਈ ਗੋਲਕ ਅਗੇ ਰਾਗੀ ਸਿੰਘ ਬੈਠ ਕੇ ਵਾਜੇ ਜੋੜੀ ਖੋਹਲ ਕੇ ਕੀਰਤਨ ਕਰਨ ਲਗੇ । ਜਿਸ ਨੂੰ ਵੇਖ ਕੇ ਪ੍ਰਬੰਧਕ ਤੇ ਕੁਝ ਹੋਰ ਹਾਜ਼ਰ ਸਜਨਾਂ ਨੂੰ ਬੜਾ ਓਪਰਾ ਜਿਹਾ ਲਗਾ ਅਤੇ ਉਨਾਂ ਇਤਰਾਜ਼ ਵੀ ਕੀਤਾ ।

ਕੀਰਤਨੀ ਸਿੰਘਾਂ ਦੇ ਮੁਖੀ ਨੇ ਉਸ ਸਮੇਂ ਜੋ ਸ਼ਬਦ ਕਹੇ ਉਹ ਹੂ-ਬ-ਹੂ ਤਾਂ ਯਾਦ ਨਹੀਂ ਪਰ ਭਾਵ ਉਨਾਂ ਦਾ ਕੁਝ ਇਸਤਰ੍ਹਾਂ ਸੀ ਕਿ ਕੀਰਤਨ ਤਾਂ ਗੁਰੂ ਪਾਤਸ਼ਾਹ ਨੂੰ ਹੀ ਸੁਣਾਉਣਾ ਹੈ ਇਸ ਲਈ ਉਨ੍ਹਾਂ ਦੇ ਸਨਮੁਖ ਬੈਠ ਕੇ ਹੀ ਕੀਰਤਨ ਕਰਨਾ ਜਿਥੇ ਜ਼ਰੂਰੀ ਹੈ ਉਥੇ ਇਸ ਤਰ੍ਹਾਂ ਬੈਠ ਕੇ ਕੀਰਤਨ ਕਰਨ ਨਾਲ ਇਕਾਗਰਤਾ 'ਚ ਵਿਘਣ ਨਹੀਂ ਪੈਂਦਾ ਜਾਂ ਬਹੁਤ ਘਟ ਪੈਂਦਾ ਹੈ ।

ਵਿਚੋਂ ਕਿਸੇ ਨੇ ਕਿਹਾ ਕਿ ਇਥੇ ਤਾਂ ਸੰਗਤਾਂ ਨੇ ਆ ਕੇ ਮਥਾ ਟੇਕਣਾ ਹੁੰਦਾ ਹੈ ਅਤੇ ਯਥਾ ਸ਼ਕਤ ਤਿਲ ਫੁਲ ਭੇਟ ਕਰਨਾ ਹੁੰਦਾ ਹੈ । ਤਾਂ ਉਨ੍ਹਾਂ ਨੇ ਉਤਰ ਵਜੋਂ ਕਿਹਾ ਕਿ ਸਾਡੇ ਸੱਜੇ ਅਤੇ ਖਬੇ ਪਾਸੇ ਸੰਗਤਾਂ ਦੇ ਆਉਣ-ਜਾਣ ਲਈ ਅਤੇ ਮਥਾ ਟੇਕਣ ਲਈ ਰਸਤਾ ਰਖ (ਬਣਾ) ਲਿਆ ਜਾਏ । ਇਸ ਤਰ੍ਹਾਂ ਕਰਨ ਨਾਲ ਸੰਗਤ ਦੀ ਆਵਾਜਾਈ ਵਿਚ ਵੀ ਕੋਈ ਫਰਕ ਨਹੀਂ ਪਵੇਗਾ ਅਤੇ ਸੰਗਤ ਵਿਚੋਂ ਕੋਈ ਕਦੋਂ ਆਵੇ ਕਦੋਂ ਉਠ ਕੇ ਚਲਾ ਜਾਵੇ ਸਾਡੇ ਸਾਹਮਣੇ ਨਾਂਹ ਹੋਣ ਕਾਰਨ ਸਾਡੀ ਬਿਰਤੀ ਵਿਚ ਵੀ ਵਿਘਣ ਨਹੀਂ ਪਏਗਾ ।

ਮੁਕਦੀ ਗਲ ਜਿਨੇ ਦਿਨ ਉਨ੍ਹਾਂ ਨੇ ਸਵੇਰੇ-ਸ਼ਾਮ ਕੀਰਤਨ ਕੀਤਾ– ਇਸੇ ਤਰਾਂ ਗੁਰੂ ਮਹਾਰਾਜ ਦੇ ਸਨਮੁਖ ਬੈਠ ਕੇ ਹੀ ਬੜੇ ਪਿਆਰ ਅਤੇ ਵਜਦ ਵਿਚ ਕੀਰਤਨ ਕੀਤਾ ਜਿਸ ਨੂੰ ਸੰਗਤਾਂ ਬੜੀ ਦੇਰ ਤਕ ਮਗਰੋਂ ਯਾਦ ਕਰਦੀਆਂ ਰਹੀਆਂ ।

ਇਕ ਵੀਚਾਰ ਅਨੁਸਾਰ ਕੀਰਤਨੀ ਸਿੰਘਾਂ ਦੀ ਸਟੇਜ ਗੁਰੂ ਪਾਤਸ਼ਾਹ ਜੀ ਦੀ ਸਟੇਜ ਨਾਲੋਂ ਜਿਥੇ ਵਖਰੀ ਹੋਣੀ ਚਾਹੀਦੀ ਹੈ ਉਥੇ ਉਸ ਨਾਲੋਂ ਬੁਹੜੀ

ਨੀਵੀਂ ਵੀ ਹੋਣੀ ਚਾਹੀਦੀ ਹੈ । ਇਸ ਸਟੇਜ ਦੀ ਦਿਸ਼ਾ ਆਮ ਕਰਕੇ ਉਸਤਰਾਂ ਹੀ ਹੋਣੀ ਚਾਹੀਦੀ ਹੈ ਜਿਵੇਂ ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਅੰਮ੍ਰਿਤਸਰ ਵਿਚ ਹੁੰਦੀ ਹੈ । ਉਥੇ ਕੀਰਤਨੀਏ ਸਿੰਘ ਗੁਰੂ ਮਹਾਰਾਜ ਦੇ ਸੱਜੇ ਪਾਸੇ ਬੈਠ ਕੇ ਕੀਰਤਨ ਕਰਦੇ ਹਨ ।

## ਭੁਲਣਾ ਨਹੀਂ ਚਾਹੀਦਾ

ਸਾਨੂੰ ਕਦੀ ਵੀ ਭੁਲਣਾ ਨਹੀਂ ਚਾਹੀਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਜੀਲ, ਕੁਰਾਨ, ਗੀਤਾ ਜਾਂ ਵੇਦ ਸ਼ਾਸਤਰ ਵਾਂਗ ਧਾਰਮਕ ਪੁਸਤਕ ਨਹੀਂ ਹਨ । ਆਪ ਦਸਾਂ ਗੁਰਾਂ ਦੀ ਜਾਗਤ ਜੋਤ ਅਤੇ ਜੁਗੋ-ਜੁਗ ਅਟੱਲ ਗੁਰੂ ਹਨ । ਇਹ ਗੁਰੂ ਸਾਹਿਬ ਦਾ ਦੀਵਾਨ ਲਗਦਾ ਹੈ, ਦਰਬਾਰ ਸਜਦਾ ਹੈ, ਕਚਹਿਰੀ ਲਗਦੀ ਹੈ ਅਤੇ ਉਥੇ ਗੁਰੂ ਮਹਾਰਾਜ ਜੀ ਦੀ ਸਭਾ ਵਿਚ ਗੁਰੂ ਕੇ ਸਿਖ ਆ ਜੁੜਦੇ ਹਨ । ਭਾਈ ਸਾਹਿਬ ਭਾ: ਗੁਰਦਾਸ ਜੀ ਦੇ ਕਥਨ :-

*ਬਲਿਹਾਰੀ ਤਿੰਨ੍ਹਾਂ ਗੁਰਸਿਖਾਂ, ਜਾਇ ਜਿਨਾਂ ਗੁਰ ਦਰਸ਼ਨ ਡਿਠਾ ॥*
*ਬਲਿਹਾਰੀ ਤਿੰਨ੍ਹਾਂ ਗੁਰਸਿਖਾਂ, ਪੈਰੀਂ ਪੈ ਗੁਰ ਸਭਾ ਬਹਿਠਾ ॥*
ਅਤੇ– *ਕੁਰਬਾਨੀ ਤਿਨਾ ਗੁਰਸਿਖਾਂ, ਸਾਧ ਸੰਗਤਿ ਚਲਿ ਜਾਏ ਜੁੜੰਦੇ ॥*

ਸੋ ਇਸਤਰਾਂ ਵੀ ਸਪਸ਼ਟ ਹੋਇਆ ਕਿ ਕੀਰਤਨ ਗੁਰੂ ਸਾਹਿਬ ਜੀ ਨੂੰ ਸੁਣਾਉਣਾ ਹੁੰਦਾ ਹੈ ਅਤੇ ਸਿਖ ਨੇ ਉਥੇ ਪੁਜ ਕੇ ਗੁਰੂ ਦਰਬਾਰ ਦੀ ਹਾਜ਼ਰੀ ਭਰਨੀ ਹੁੰਦੀ ਹੈ ਤੇ ਸ੍ਰੋਤੇ ਅਤੇ ਸੇਵਕ ਬਣ ਕੇ ਜਾਂ ਕੀਰਤਨੀਆ ਅਤੇ ਰਾਗੀ ਬਣ ਕੇ, ਅਡੋਲ ਬਹਿ ਕੇ, ਬ੍ਰਿਤੀ ਇਕਾਗਰ ਕਰ ਕੇ । ਅਤੇ ਇਹ ਸਭ ਕੁਝ ਜੋ ਹੋਣਾ ਹੈ ਉਹ ਗੁਰ ਹੁਕਮ ਅਨੁਸਾਰ ਅੰਮ੍ਰਿਤ ਵੇਲੇ ।

## ਪਹਿਲੀ ਮੰਜ਼ਲ

ਵੈਸੇ ਜੇ ਵੀਚਾਰ ਕੀਤੀ ਜਾਏ ਤਾਂ 'ਸੱਚ' (ਵਾਹਿਗੁਰੂ) ਜੀ ਦੀ ਪ੍ਰਾਪਤੀ ਤੋਂ ਪਹਿਲੀ ਮੰਜ਼ਲ ਜਾਂ ਪਹਿਲੀ ਪਉੜੀ ਹੁਕਮ ਪਛਾਣਨ ਦੀ ਹੈ । ਇਸ ਪ੍ਰਥਾਏ

ਗੁਰਵਾਕ ਵੀ ਹੈ :-

*ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ (੧੨੪੪)*

*ਅਤੇ- ਹੁਕਮ ਪਛਾਣੈ ਸੋ ਏਕੋ ਜਾਣੈ ਬੰਦਾ ਕਹੀਐ ਸੋਈ ॥ (੧੩੫੦)*

ਪਰ ਇਸ ਦੇ ਉਲਟ ਜੇ ਕੋਈ ਹੋਰ ਸੋਚਣੀ ਸੋਚਦਾ ਹੈ ਜਾਂ ਆਪਣੀ ਮਰਜ਼ੀ ਕਰਦਾ ਹੈ (ਹੁਕਮ ਦੀ ਪਾਲਣਾ ਨਹੀਂ ਕਰਦਾ) ਤਾਂ ਉਸ ਬਾਰੇ ਇਉਂ ਦਰਜ ਹੈ :-

*ਆਪਣਾ ਭਾਣਾ ਤੁਮ ਕਰਹੁ*
*ਤਾਂ ਫਿਰਿ ਸਹ ਖੁਸ਼ੀ ਨਾ ਆਵਏ ॥ (੯੯੧)*
*ਅਤੇ-ਮਨਮੁਖ ਭਗਤ ਕਰਹਿ ਬਿਨੁ ਸਤਿਗੁਰ*
*ਵਿਣੁ ਸਤਿਗੁਰ ਭਗਤ ਨਾ ਹੋਈ ਰਾਮ ॥ (੭੬੭)*
*ਅਤੇ-ਫਿਰ ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ*

ਰਾਮੁ ਨਾ ਪਾਇਆ ਜਾਇ ॥ ਵਾਲੀ ਗਲ ਹੋਣੀ ਹੈ ਅਤੇ ਹੁੰਦੀ ਹੈ । ਸੋ ਸਪਸ਼ਟ ਹੋਇਆ ਕਿ ਜੇ ਸੱਚ ਦੀ ਪ੍ਰਾਪਤੀ ਕਰਨੀ ਹੈ ਜਾਂ ਇਸ ਰਾਹ ਤੁਰਨਾ ਹੈ ਤਾਂ ਫਿਰ ਉਸ ਤੋਂ ਪਹਿਲਾਂ ਗੁਰੂ ਜੀ ਦੇ ਹੁਕਮ ਮੰਨਣ ਦੀ 'ਪਉੜੀ ਉਤੇ ਚੜ੍ਹਨਾ' ਪਵੇਗਾ ; ਗੁਰੂ ਜੀ ਦੇ ਦਸੇ ਰਾਹ ਉਤੇ ਤੁਰਨਾ ਹੀ ਪਵੇਗਾ । ਕਿਉਂਕਿ "ਹੁਕਮ ਮੰਨਿਐ ਹੋਵੈ ਪਰਵਾਨ ਤਾਂ ਖਸਮੈ ਕਾ ਮਹਲ ਪਾਇਸੀ" ਸਪਸ਼ਟ ਗੁਰ ਉਪਦੇਸ਼ ਹੈ ।

## ਭਗਤੀ, ਗੁਣ ਤੋਂ ਬਗੈਰ ਨਹੀਂ

ਜਪੁਜੀ ਸਾਹਿਬ ਵਿਚ ਇਕ ਪੰਗਤੀ ਹੈ "ਵਿਣ ਗੁਣ ਕੀਤੇ ਭਗਤ ਨਾ ਹੋਇ" । ਇਸ ਦੇ ਅਰਥ ਸਪਸ਼ਟ ਹਨ ਕਿ ਬਿਨਾਂ (ਕੁਝ ਜ਼ਰੂਰੀ) ਗੁਣਾਂ ਦੇ ਧਾਰਨ ਕੀਤਿਆਂ ਭਗਤੀ ਨਹੀਂ ਹੋ ਸਕਦੀ ।

ਅਸੀ ਜੋ ਵੀ ਕੰਮ ਕਰਦੇ ਹਾਂ ਉਹ ਜਾਂ ਗੁਣ ਹੁੰਦੇ ਹਨ ਜਾਂ ਔਗਣ । ਸਾਡੇ ਕੀਤੇ ਉਹ ਕੰਮ ਜੋ ਗੁਰੂ ਪਾਤਸ਼ਾਹ ਜੀ ਦੀ ਦਿਤੀ ਹੋਈ ਮੱਤ ਅਨੁਸਾਰ ਹੋਣ ਉਹ ਗੁਣ (ਸ਼ੁਭ ਗੁਣ) ਹੋ ਜਾਂਦੇ ਹਨ ਅਤੇ ਇਸ ਦੇ ਉਲਟ ਕੀਤੇ ਕੰਮ

ਔਗਣ ਹੀ ਰਹਿੰਦੇ ਹਨ । ਜਿਵੇਂ–

ਰਾਤੀਂ ਸੌਂ ਕੇ ਅਗਲੇ ਦਿਨ ਵਾਸਤੇ ਜਾਗਣਾ ਇਕ ਕਰਮ ਹੈ । ਕਿਸ ਸਮੇਂ ਜਾਗੇ ਅਤੇ ਜਾਗ ਕੇ ਕੀ ਕੰਮ ਕੀਤਾ, ਇਹ ਇਸ ਕੰਮ ਜਾਂ ਇਨਾਂ ਕਰਮਾਂ ਨੇ ਹੀ ਦਸਣਾ ਹੈ ਕਿ ਇਹ ਗੁਣ ਹਨ ਜਾਂ ਔਗਣ ।

ਜੇ ਕੋਈ ਪੁਰਸ਼ ਆਪਣੀ ਮਰਜ਼ੀ (ਮਨ ਦੀ ਮਤ) ਅਨੁਸਾਰ ਉਸ ਵੇਲੇ ਉਠਿਆ ਜਦ ਗੋਡੇ ਗੋਡੇ ਦਿਨ ਚੜ੍ਹ ਆਇਆ ਹੋਵੇ ਤਾਂ ਉਸ ਦਾ ਇਸਤਰ੍ਹਾਂ ਉਠਣਾਂ (ਜਾਗਣਾ) ਉਸ ਦੇ ਦਲਿਦਰੀ ਹੋਣ ਦਾ ਪ੍ਰਗਟਾਵਾ ਹੈ ਜੋ ਕਿ ਗੁਣ ਨਹੀਂ ਹੋ ਸਕਦਾ। "ਵਿਣੁ ਗੁਣ ਕੀਤੇ ਭਗਤ ਨਾ ਹੋਇ" ਅਨੁਸਾਰ ਉਸ ਲਈ "ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ" ਦਾ ਸਮਾਂ ਖੁੰਝ ਗਿਆ ਅਤੇ ਉਸ ਤੋਂ ਭਗਤੀ ਦੁਰੇਡੇ ਹੀ ਰਹਿ ਗਈ ।

ਇਸਤਰ੍ਹਾਂ "ਅੰਮ੍ਰਿਤ ਵੇਲੇ" ਜਾਗਣਾ ਅਸਲ ਭਗਤੀ ਲਈ ਇਕ ਐਸਾ ਗੁਣ ਹੈ ਜੋ ਕਿ ਭਗਤੀ ਤੋਂ ਪਹਿਲਾਂ ਧਾਰਨ ਕਰਨਾ ਜ਼ਰੂਰੀ ਹੈ । ਇਸ ਗੁਣ ਨੂੰ ਧਾਰਨ ਕੀਤੇ ਬਗੈਰ ਭਗਤੀ ਹੋ ਹੀ ਨਹੀਂ ਸਕਦੀ । ਇਹੋ ਕਾਰਨ ਹੈ ਕਿ ਇਸ 'ਅੰਮ੍ਰਿਤ ਵੇਲੇ' ਉਠਣ ਦੇ ਗੁਣ ਨੇ ਸਾਰੀਆਂ ਗੁਰੂ ਪਾਤਸ਼ਾਹੀਆਂ ਨੇ ਜਿਥੇ ਆਪ ਅਪਣਾਇਆ ਉਥੇ ਉਨ੍ਹਾਂ ਦੇ ਸਿਖ ਸਾਰੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਰਹੇ ਅਤੇ ਕਰ ਰਹੇ ਹਨ । ਭਾਵ ਅੰਮ੍ਰਿਤ ਵੇਲੇ ਉਠਦੇ ਰਹੇ ਤੇ ਉਠ ਰਹੇ ਹਨ ।

## ਅੰਮ੍ਰਿਤ ਵੇਲਾ

ਇਹ ਯਾਦ ਰਵ੍ਹੇ 'ਅੰਮ੍ਰਿਤ ਵੇਲਾ' ਸ਼ਬਦ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਆਪਣੇ ਰਚੇ ਸ਼ਬਦ ਹਨ । ਭਾਰਤੀ ਸਾਹਿਤ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਕਿਧਰੇ ਹੋਰ ਨਹੀਂ ਜਾਪਦੀ ।

'ਅੰਮ੍ਰਿਤ ਵੇਲਾ' ਸੂਚਕ ਹੈ ਉਸ ਵਕਤ ਦਾ ਜੋ ਅਮਰ ਹੋਣ ਵਿਚ, ਅਥਵਾ ਅੰਮ੍ਰਿਤ ਦੀ ਦਾਤ ਵਾਹਿਗੁਰੂ ਜੀ ਤੋਂ ਪ੍ਰਾਪਤ ਕਰਨ ਵਿਚ ਸਹਾਇਕ ਹੋਵੇ ।

ਨਾਮ ਵਿਚ ਧਿਆਨ ਜੋੜਨ ਲਈ, ਸਮਾਧੀ ਲਾਉਣ ਲਈ, ਭਗਤੀ ਕਰਨ ਲਈ, ਸੁਰਤ ਵਿਚ ਇਕਾਗਰਤਾ ਲਿਆਉਣ ਲਈ, ਮਨ ਦੀ ਚੰਚਲਤਾ ਹਰਨ ਲਈ, ਲਿਵ ਵਿਚ ਪ੍ਰਵੇਸ਼ ਕਰਨ ਲਈ, ਜਪ ਤੋਂ ਸਿਮਰਨ ਵਿਚ ਅਪੜਨ ਲਈ ਅਤੇ ਸਤਿ ਪੁਰਖ ਵਿਚ ਸਮਾਉਣ ਲਈ, ਅੰਮ੍ਰਿਤ ਵੇਲਾ, ਨਾ ਸਿਰਫ ਸਹਾਇਕ ਹੀ ਹੈ ਸਗੋਂ ਅਵੱਸ਼ਕ ਹੈ।

ਇਹ ਵੇਲਾ ਹੈ, ਵਕਤ ਨਹੀਂ। ਵਕਤ ਘੜੀ ਦਾ ਹੁੰਦਾ ਹੈ ਜੋ ਘੰਟੇ ਮਿੰਟਾਂ ਸਕਿੰਟਾਂ ਵਿਚ ਦਸਿਆ ਜਾਂਦਾ ਹੈ। ਵੇਲਾ ਉਸ ਕਾਲ ਜਾਂ ਸਮੇਂ ਨੂੰ ਕਹੀਦਾ ਹੈ ਜੋ ਸੂਰਜ ਦੇ ਚੜ੍ਹਨ ਜਾਂ ਡੁਬਣ ਨਾਲ ਸੰਬੰਧ ਰਖਦਾ ਹੋਵੇ।

ਪ੍ਰਭਾਤ, ਪ੍ਰਾਤਾਕਾਲ, ਭਲਕ, ਤੜਕਾ, ਸੁਬਾਹ, ਸਵੇਰਾ, ਸ਼ਬਦ ਸਾਰੇ ਅੰਮ੍ਰਿਤ ਵੇਲੇ ਦੇ ਹੀ ਸੂਚਕ ਹਨ ਜਿਵੇਂ ਸੰਝ, ਤ੍ਰਿਕਾਲਾਂ, ਲੋਡਾ ਵੇਲਾ, ਸੰਧਯਾ ਅਤੇ ਆਥਣ ਆਦਿ।

ਅੰਮ੍ਰਿਤ ਵੇਲਾ ਰਾਤ ਦੇ ਪਿਛਲੇ ਹਿਸੇ ਨੂੰ ਕਹਿੰਦੇ ਹਨ। ਇਸ ਲਈ ਇਸ ਨੂੰ 'ਪਿਛਲ ਰਾਤ' ਵੀ ਆਖਿਆ ਜਾਂਦਾ ਹੈ। ਅੰਮ੍ਰਿਤ ਵੇਲਾ ਪੂਰੇ ਤਿੰਨ ਘੰਟੇ ਅਥਵਾ ਇਕ ਪਹਿਰ ਦਾ ਹੁੰਦਾ ਹੈ ਜਿਸਦਾ ਕੁਝ ਵੇਰਵਾ ਇਸਤਰਾਂ ਹੈ :–

ਇਕ ਵਾਰ ਅਖ ਖੋਹਲਣ ਅਤੇ ਬੰਦ ਕਰਨ ਦਾ ਸਮਾਂ = ਇਕ ਨਿਮਖ

15 ਨਿਮਖ = ਇਕ ਵਿਸਾ

15 ਵਿਸੇ = ਇਕ ਚਸਾ

30 ਚਸੇ = ਇਕ ਪਲ

60 ਪਲ = ਇਕ ਘੜੀ

ਸਾਢੇ 7 ਘੜੀ ਜਾਂ 3 ਘੰਟੇ = ਇਕ ਪਹਿਰ

8 ਪਹਿਰ = ਇਕ ਦਿਨ ਰਾਤ ਜਾਂ 24 ਘੰਟੇ

ਇਸ ਤਰ੍ਹਾਂ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲੇ ਦੇ ਸਮੇਂ ਨੂੰ, ਜਾਂ ਇਸਤਰਾਂ ਕਵੋ–ਰਾਤ ਦੇ ਪਿਛਲੇ ਤਿੰਨ ਘੰਟਿਆਂ ਨੂੰ ਅੰਮ੍ਰਿਤ ਵੇਲਾ ਆਖਿਆ ਜਾਂਦਾ ਹੈ। ਇਹ ਅੰਮ੍ਰਿਤ ਵੇਲਾ ਮੌਸਮ ਅਤੇ ਦੇਸ਼ ਦੇ ਨਾਲ ਭਾਂਵੇ ਬਦਲਦਾ ਰਹਿੰਦਾ ਹੈ ਪਰ ਇਹ ਸਮਾਂ ਹਰ ਹਾਲਤ ਵਿਚ ਅੰਮ੍ਰਿਤ ਵੇਲਾ ਹੀ ਰਹੇਗਾ।

ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਜਿਸ ਸ਼ਬਦ ਵਿਚ ਗੁਰੂ ਦੇ ਸਿਖ ਦੀ ਵਿਆਖਿਆ (Defination) ਦਸੀ ਗਈ ਹੈ ਉਸ ਦੀ ਪਹਿਲੀ ਪੰਗਤੀ ਵਿਚ ਹੀ ਅੰਮ੍ਰਿਤ ਵੇਲੇ (ਭਲਕੇ) ਉਠਣ ਦੀ ਤਾਕੀਦ ਇਸਤਰਾਂ ਕੀਤੀ ਗਈ ਹੈ :-

*ਗੁਰ ਸਤਿਗੁਰ ਕਾ ਜੋ ਸਿਖ ਅਖਾਏ*
*ਸੁ ਭਲਕੇ ਉਠ ਹਰਿ ਨਾਮ ਧਿਆਵੈ ॥*

ਇਸ ਦੇ ਉਲਟ ਜੋ ਅੰਮ੍ਰਿਤ ਵੇਲੇ (ਪਿਛਲੀ ਰਾਤ) ਨਹੀਂ ਉਠਦਾ, ਉਸ ਲਈ ਗੁਰਬਾਣੀ ਵਿਚ ਬੜੇ ਕਰੜੇ ਸ਼ਬਦ ਵਰਤੇ ਗਏ ਹਨ । ਜਿਵੇਂ :-

*ਫਰੀਦਾ ਪਿਛਲ ਰਾਤਿ ਨਾ ਜਾਗਿਓਹਿ*
*ਜੀ ਵੰਦੜੋ ਮੋਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਾਰਿਓਹਿ ॥*

ਹੇ ਫਰੀਦ ! ਜੇ ਤੂੰ ਅੰਮ੍ਰਿਤ ਵੇਲੇ ਨਹੀਂ ਜਾਗਿਆ ਤਾਂ (ਇਹ ਕੋਝਾ ਜੀਵਨ) ਜੀਉਂਦਾ ਹੀ ਤੂੰ ਮਰਿਆ ਹੋਇਆ ਹੈ । ਭਾਵ ਆਤਮਕ ਜੀਵਨ ਵਲੋਂ ਮੋਇਆ ਹੋਇਆ ਹੈਂ । ਐਸਾ ਮਨੁਖ ਆਪਣੇ ਮਨੁਖਾ ਜੀਵਨ ਤੋਂ ਕੋਈ ਲਾਭ ਨਹੀਂ ਉਠਾ ਸਕਦਾ (ਭਗਤੀ ਨਹੀਂ ਕਰ ਸਕਦਾ) ਜੇ ਤੂੰ ਰਬ ਨੂੰ ਭੁਲਾ ਦਿਤਾ ਹੈ ਤਾਂ ਯਾਦ ਰਖ ਰਬ ਨੇ ਤੈਨੂੰ ਨਹੀਂ ਭੁਲਾਇਆ (ਉਹ ਤੇਰੇ ਅਮਲਾਂ ਨੂੰ ਹਰ ਸਮੇਂ ਵੇਖ ਰਿਹਾ ਹੈ)

*ਇਸੇ ਕਰਕੇ ਭਗਤ ਕਬੀਰ ਜੀ ਨੇ ਕਿਹਾ ਹੈ :-*
*ਕਬੀਰ ਸੂਤਾ ਕਿਆ ਕਰਹਿ, ਬੈਠਾ ਰਹੁ ਅਰ ਜਾਗੁ ॥*
*ਜਾ ਕੇ ਸੰਗ ਤੇ ਬੀਛਰਾ, ਤਾਹੀ ਕੇ ਸੰਗਿ ਲਾਗੁ ॥ (੧੩੭੧)*

## ਪ੍ਰਯੋਜਨ

ਕਈ ਧਾਰਮਕ ਸਭਾ ਸੁਸਾਇਟੀਆਂ ਅਤੇ ਖਾਸ ਕਰ ਕੇ ਗੁਰਦੁਆਰਿਆਂ ਦੇ ਪ੍ਰਬੰਧਕ ਗਲਾਂ ਬਾਤਾਂ ਵਿਚ 'ਅੰਮ੍ਰਿਤ ਵੇਲੇ' ਦੇ ਸਿਧਾਂਤਕ ਪਖ ਨੂੰ ਤਾਂ ਮੰਨਦੇ ਹਨ ਪਰ ਅਮਲ ਵਿਚ ਨਹੀਂ ਲਿਆਉਂਦੇ । ਬੁਹੜੇ ਬਹੁਤ ਫਰਕ ਨਾਲ

ਉਹ ਆਮ ਕਹਿੰਦੇ ਕਰਦੇ ਸੁਣੀਂਦੇ ਹਨ ਕਿ ਕੀਰਤਨ ਲਈ ਕੇਵਲ ਅੰਮ੍ਰਿਤ ਵੇਲਾ ਹੀ ਨਹੀਂ ਦੇਖਣਾ ਚਾਹੀਦਾ ਸਗੋਂ ਸੰਗਤ ਦੀ ਰੁਚੀ-ਸਹੂਲਤ ਆਦਿ ਨੂੰ ਧਿਆਨ ਵਿਚ ਰਖ ਕੇ ਸਮਾਂ ਨੀਯਤ ਕਰਨਾ ਚਾਹੀਦਾ ਹੈ ਜਿਸ ਨਾਲ ਵਧ ਤੋਂ ਵਧ ਸੰਗਤ ਲਾਭ ਲੈ ਸਕੇ ।

ਉਹ ਆਪਣੀ ਇਸ ਗਲ ਦੀ ਪੁਸ਼ਟੀ ਲਈ ਕਈ ਦਲੀਲਾਂ ਦਿੰਦੇ ਹਨ ਜਿਵੇਂ ਕਿ ਕੌਮ ਨੇ ਲਖਾਂ ਰੁਪਏ ਖਰਚ ਕੇ ਆਲੀਸ਼ਾਨ ਗੁਰਦੁਆਰੇ ਬਣਾਏ, ਸੈਂਕੜੇ ਹਜ਼ਾਰਾਂ ਰੁਪਏ ਮਹੀਨਾ ਰਾਗੀ ਸਿੰਘਾਂ, ਕਥਾ ਵਾਚਕ ਤੇ ਹੋਰ ਸੇਵਾਦਾਰਾਂ ਤੇ ਖਰਚਨੇ ਅਤੇ ਹੋਰ ਮਿਹਨਤ ਕੀਤੇ ਪ੍ਰਬੰਧ ਦਾ ਪੂਰਾ ਲਾਭ ਤਾਂ ਹੀ ਹੋ ਸਕਦਾ ਜੇ ਵਧ ਤੋਂ ਵਧ ਸੰਗਤਾਂ ਸੁਣਨ ।

ਉਨਾਂ ਦੀ ਮਤ ਅਨੁਸਾਰ ਸਿਧਾਂਤਕ ਪਖ ਤੋਂ ਅੰਮ੍ਰਿਤ ਵੇਲਾ ਤਾਂ ਠੀਕ ਹੈ ਪਰ ਅਮਲੀ ਰੂਪ 'ਚ ਉਸ ਦਾ ਕੀ ਲਾਭ ਹੋਇਆ ਜੇ ਸੁਣਨ ਵਾਲਿਆਂ ਦੀ ਹਾਜ਼ਰੀ ਹੀ ਬਹੁਤ ਥੁਹੜੀ ਹੋਵੇ ?

ਉਪਰੋਂ ਉਪਰੋਂ ਤਾਂ ਇਹ ਗਲਾਂ ਕੁਝ ਮਿੰਟਾਂ ਲਈ ਕਈਆਂ ਨੂੰ ਭਾਂਵੇ ਠੀਕ ਲਗਦੀਆਂ ਹੋਣ ਪਰ ਯਾਦ ਰਖਣ ਵਾਲੀ ਅਸਲ ਗਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਅਸੂਲ ਕਦੀ ਵੀ ਸਹੂਲਤ ਉਤੇ ਕੁਰਬਾਨ ਨਹੀਂ ਹੋ ਸਕਦੇ । ਹਮੇਸ਼ਾਂ ਆਪਣੀਆਂ ਸਹੂਲਤਾਂ, ਅਸੂਲ ਉਤੇ ਕੁਰਬਾਨ ਕਰਨੀਆਂ ਪੈਂਦੀਆਂ ਹਨ । ਪਰ **ਇਥੇ ਤਾਂ** ਅਸੂਲ ਰਸੂਲ (ਗੁਰੂ ਜੀ) ਦੇ ਹਨ । ਇਹ ਉਹ ਅਸੂਲ ਹਨ ਜੋ ਗੁਰੂ ਜੀ (**ਗੁਰ** ਪਰਮੇਸਰ ਏਕੋ ਜਾਣੁ) ਦੀ ਰਹਿਣੀ-ਬਹਿਣੀ, ਜੋ ਉਨ੍ਹਾਂ ਰਬੀ ਜੀਵਨ ਜੀਂਉਦਿਆਂ ਆਪ ਇਸ ਸੰਸਾਰ ਵਿਚ ਵਰਤ ਕੇ ਦਰਸਾਏ, ਅਤੇ ਅਗੋਂ ਉਨ੍ਹਾਂ ਤੋਂ ਗੁਰੂ ਕੇ ਸਿਖਾਂ ਨੇ ਲਏ ਤੇ ਅਪਣਾਏ ਅਤੇ ਹੁਣ ਵੀ ਅਪਣਾਅ ਰਹੇ ਹਨ ।

ਯਾਦ ਰਵੇ ਇਹ ਅਸੂਲ ਅਗੰਮ ਤਕ ਪਹੁੰਚਾਉਣ ਵਾਲੇ ਹਨ । ਪਰ ਸਾਡਾ ਦੁਨਿਆਵੀ ਲੋਕਾਂ ਦਾ ਖੂਹ ਦੇ ਡਡੂ ਵਾਲਾ ਹਾਲ ਹੈ । ਜਿਤਨੀ ਕੁ ਸਾਡੀ ਨਜ਼ਰ ਹੈ ਉਤਨਾਂ ਕੁ ਹੀ ਅਸੀ ਵੇਖ ਸਕਣਾ ਹੈ । ਪਰ ਅਗੰਮ ਦੇ ਜਾਣਨਹਾਰੇ ਗੁਰੂ ਜੀ ਦੇ ਦਸੇ ਰਾਹ ਵਲ ਧਿਆਨ ਨਾਂਹ ਕਰਨਾ, ਪ੍ਰਵਾਹ ਨਾ ਕਰਨਾ ਅਤੇ ਆਪ ਅੰਨ੍ਹੇ (ਅੰਧੇ ਸੇਈ ਨਾਨਕਾ ਜਿ ਖਸਮਹੁ ਘੁਥੇ ਜਾਹਿ) ਹੁੰਦੇ ਹੋਏ ਜੇ ਸੁਜਾਖੇ

ਬਣ ਬਣ ਬੈਠੀਏ ਤਾਂ ਕੀ ਹੋ ਸਕਦਾ ਹੈ ?

ਗੁਰੂ ਦਸਮ ਪਾਤਸ਼ਾਹ ਜੀ ਦੇ ਇਤਿਹਾਸ ਤੋਂ ਜਾਣੂ ਚੰਗੀ ਤਰਾਂ ਜਾਣਦੇ ਹਨ ਕਿ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਣ ਮਗਰੋਂ ਜਦ ਦੁਸ਼ਮਣ ਦੀਆਂ ਫੌਜਾਂ ਗੋਲੀਆਂ ਵਰਸਾਉਂਦੀਆਂ ਵਾਹੋ ਦਾਹੀ ਉਨ੍ਹਾਂ ਦਾ ਪਿਛਾ ਕਰਦੀਆਂ ਆ ਰਹੀਆਂ ਸਨ ਤਾਂ ਵੀ ਗੁਰੂ ਪਾਤਸ਼ਾਹ ਨੇ ਉਨ੍ਹਾਂ ਦੀ ਪਰਵਾਹ ਨ ਕਰਦਿਆਂ ਮੁਠੀ ਭਰ ਸਿੰਘਾਂ ਨਾਲ ਅੰਮ੍ਰਿਤ ਵੇਲਾ ਖੁੰਝਨ ਨਹੀਂ ਸੀ ਦਿਤਾ। ਉਥੇ ਰਸਤੇ ਵਿਚ ਹੀ ਦੀਵਾਨ ਸਜਿਆ, ਕੀਰਤਨ ਹੋਇਆ ਅਤੇ ਅੰਮ੍ਰਿਤ ਵੇਲੇ ਅੰਮ੍ਰਿਤ ਦੀ ਵਰਖਾ ਹੋਈ।

ਦੁਸ਼ਮਨ ਦੇ ਤੀਰ ਤੇ ਗੋਲੀਆਂ ਅੰਮ੍ਰਿਤ ਵੇਲੇ ਦਾ ਸਤਿਸੰਗ ਨਾ ਭੁਲਾ ਸਕੀਆਂ ਪਰ ਅਜਕਲ ਤਾਂ ਸਰਦੀਆਂ ਵਿਚ ਰਜਾਈ ਦਾ ਨਿਘ ਜਿਥੇ ਸਭ ਕੁਝ ਭੁਲਾ ਦੇਂਦਾ ਹੈ ਉਥੇ ਗਰਮੀਆਂ ਵਿਚ ਸਵੇਰ ਦੀ ਠੰਡੀ ਹਵਾ (ਬਾਦੇ ਸਬਾਹ) ਆਪਣਾ ਨਸ਼ਾ ਐਸਾ ਚਾੜਦੀ ਹੈ ਕਿ ਚੰਗੇ ਭਲੇ ਹੋਸ਼ਾਂ ਵਾਲੇ ਬੰਦੇ ਨੂੰ ਵੀ ਉਸ ਵੇਲੇ ਦੀ ਨੀਂਦ ਨਾਲੋਂ ਵਧੇਰੇ ਸੁਖ ਕਿਧਰੇ ਹੋਰ ਪ੍ਰਤੀਤ ਨਹੀਂ ਹੁੰਦਾ।

ਅਜਕਲ ਦੀ ਸਾਡੀ ਰਹਿਣੀ ਸਹਿਣੀ, ਅਜ ਕਲ ਦੇ ਰਿਵਾਜ ਤੇ ਕੰਮ ਕਾਜ (ਵਪਾਰ ਆਦਿ) ਦੇ ਤਰੀਕੇ ਤੇ ਰੁਝੇਵਿਆਂ ਕਾਰਨ ਸਾਨੂੰ ਅੰਮ੍ਰਿਤ ਵੇਲੇ ਤੋਂ ਰੁਕਾਵਟ ਪੈਂਦੀ ਹੈ ਅਤੇ ਪੈ ਰਹੀ ਹੈ। ਪਰ ਗੁਰੂ ਪਾਤਸ਼ਾਹ ਜੀ ਦਾ ਇਸ ਪਰਥਾਏ ਸਪਸ਼ਟ ਹੁਕਮ ਹੈ :

*ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ, ਜਿਤ ਸਾਹਿਬ ਸੇਤੀ ਪਤਿ ਰਹੈ ॥*

ਸੋ ਐਸੇ ਤਰੀਕੇ, ਐਸੀ ਰੁਕਾਵਟ ਨੂੰ ਸਾੜ ਦੇਣਾ ਚਾਹੀਦਾ ਹੈ (ਖਤਮ ਕਰ ਦੇਣਾ ਹੀ ਠੀਕ ਹੈ। ਨਿਸ਼ਾਨਾ ਇਕੋ ਹੀ ਰਖਨਾ ਹੈ ਕਿ ਜਿਵੇਂ ਕਿਵੇਂ ਪਤੀ ਪਰਮੇਸ਼ਰ ਜੀ ਨਾਲ "ਪਤਿ ਰਹੈ"।

*ਪਹਿਲੇ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ ॥*
*ਜੋ ਜਾਗੰਨ੍ਹਿ ਲਹੰਨਿ ਸੇ, ਸਾਈ ਕੰਨੋ ਦਾਤਿ ॥*

(ਰਾਤ ਦੇ) ਪਹਿਲੇ ਪਹਰ ਦੀ ਬੰਦਗੀ (ਮਾਨੋ) ਇਕ ਸੁਹਣਾ ਜਿਹਾ ਫੁਲ ਹੈ। ਫਲ ਤਾਂ ਅੰਮ੍ਰਿਤ ਵੇਲੇ ਦੀ ਬੰਦਗੀ ਹੀ ਹੈ। ਜੋ ਮਨੁਖ (ਅੰਮ੍ਰਿਤ ਵੇਲੇ)

ਜਾਗਦੇ ਹਨ ਉਹੋ ਪ੍ਰਮਾਤਮਾ ਪਾਸੋਂ ਬਖਸ਼ਸ਼ ਹਾਸਲ ਕਰਦੇ ਹਨ ।

ਇਹ ਬੜੀ ਗਲਤ ਪਿਰਤ ਪੈ ਗਈ ਹੈ ਕਿ ਰਾਤ ਦਾ ਦੀਵਾਨ ਇਤਨਾ ਲੰਮਾ ਕਰ ਦਿਤਾ ਜਾਏ (ਰਾਤ ਦੇ 12-1 ਵਜੇ ਤਕ) ਕਿ ਅੰਮ੍ਰਿਤ ਵੇਲਾ ਖੁੰਝ ਹੀ ਜਾਏ । ਇਹ ਗੁਰ ਆਸ਼ੇ ਦੇ ਵਿਰੁਧ ਹੈ । ਅਧੀ ਅਧੀ ਰਾਤ ਤਕ ਪਿਕਚਰਾਂ (ਟੀ.ਵੀ. ਆਦਿ) ਦੇਖੋ, ਹੋਰ ਗਾਣੇ ਵਜਾਣੇ ਅਤੇ ਛਕਣ ਛਕਾਉਣ ਦੇ ਕੰਮ ਕਰਦੇ ਰਵੋ, ਅਤੇ ਅੰਮ੍ਰਿਤ ਵੇਲੇ ਦੇ ਅਮੋਲਕ ਸਮੇਂ ਘੁਰਾੜੇ ਮਾਰੋ । ਇਹ ਕਿਥੋਂ ਦੀ ਸਿਖੀ ਹੈ ?

*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹੁ ॥*
*ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥*
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥ (੯੮੯)

ਭਾਵ–ਜਿਨ੍ਹਾਂ ਨੂੰ ਪਿਛਲੀ ਰਾਤ (ਅੰਮ੍ਰਿਤ ਵੇਲੇ) ਮਾਲਕ ਦਾ ਸੱਦਾ ਹੁੰਦਾ ਹੈ, ਓਹੀ ਮਾਲਕ ਦਾ ਨਾਂ ਲੈਂਦੇ ਹਨ । ਉਹਨਾਂ ਲਈ ਤੰਬੂ, ਛਤ੍ਰ, ਕਨਾਤਾਂ ਅਤੇ ਰੱਥ ਸਦਾ ਤਿਆਰ ਰਹਿੰਦੇ ਹਨ । ਭਾਵ ਉਹਨਾਂ ਨੂੰ ਸਭ ਵਡਿਆਈਆਂ ਮਿਲਦੀਆਂ ਹਨ ।

## ਯਾਦ ਰਖਣ ਵਾਲੀ ਹੋਰ ਗਲ

ਇਹ ਹੈ ਕਿ ਲੋਕ ਰਾਏ ਗੁਰਮਤਿ ਨੂੰ ਨਹੀਂ ਬਦਲ ਸਕਦੀ । ਗੁਰੂ ਜੀ ਦੇ ਪਾਏ ਪੂਰਨੇ ਵੋਟਾਂ ਦੇ ਮੁਥਾਜ ਨਹੀ ਹੋ ਸਕਦੇ । ਸਿਖੀ ਦੇ ਬੁਨਿਆਦੀ ਅਸੂਲ ਜਨਤਾ ਦੀ ਰਾਏ ਦੇ ਅਧੀਨ ਨਹੀਂ ਹੋ ਸਕਦੇ । ਜਿਸ ਚੀਜ਼ ਨੇ ਸਿਖੀ ਨੂੰ ਬਣਾਉਣਾ ਹੈ ਉਸ ਨੂੰ ਭੇਖੀ ਸਿਖ ਘਟਾ ਵਧਾ ਨਹੀਂ ਸਕਦੇ ।

ਪ੍ਰਬੰਧਕ ਬਣ ਕੇ ਗੁਰਮਤਿ ਦੀਆਂ ਨੀਹਾਂ ਉਤੇ ਤੁਰਨ ਦੀ ਜ਼ਿਮੇਵਾਰੀ ਸਿਰ ਤੇ ਪੈ ਜਾਂਦੀ ਹੈ ਅਤੇ ਪ੍ਰਬੰਧਕਾਂ ਨੇ ਅਗਵਾਈ ਦੇਣੀ ਹੁੰਦੀ ਹੈ ਕਿ ਸਾਰੀ ਸੰਗਤ ਗੁਰਮੁਖਤਾਈ ਦੇ ਸਾਂਚੇ ਵਿਚ ਢਲੇ । ਪ੍ਰਬੰਧਕਾਂ ਦਾ ਬਣਿਆ ਜਾਂ ਬਣਾਇਆ ਪ੍ਰੋਗਰਾਮ ਲੋਕਾਂ ਦੀ ਸਹੂਲਤ ਲਈ ਭਾਂਵੇ ਹੋਵੇ ਜਾਂ ਨਾਂਹ, ਪਰ ਗੁਰ ਮਰਿਯਾਦਾ ਅਨੁਸਾਰ ਜ਼ਰੂਰ ਹੋਵੇ । ਅੰਮ੍ਰਿਤ ਵੇਲੇ ਜਾਂ ਤ੍ਰੈ ਪਹਿਰੇ ਦੀ ਸੰਭਾਲ

ਅਤੇ ਪ੍ਰੇਰਨਾ ਜ਼ਰੂਰ ਹੋਵੇ ਤਾਂ ਜੁ ਸਿਖ ਅੰਮ੍ਰਿਤ ਵੇਲੇ ਸੰਗਤਿ ਵਿਚ ਜੁੜਨ।

ਜੇ ਗੁਰਦੁਆਰੇ ਵਿਚ ਅੰਮ੍ਰਿਤ ਵੇਲਾ ਹੀ ਨਹੀਂ ਜਾਂ ਅੰਮ੍ਰਿਤ ਵੇਲੇ ਜੋ ਹੋਣਾ ਚਾਹੀਦਾ ਹੈ ਉਹ ਨਹੀਂ ਹੁੰਦਾ ਤਾਂ ਆਮ ਸੰਗਤਾਂ ਗਲਤ ਲੀਹ ਤੇ ਪੈ ਜਾਣਗੀਆਂ ਜਾਂ ਅੰਮ੍ਰਿਤ ਵੇਲੇ ਉਠਣਗੀਆਂ ਹੀ ਨਹੀਂ—ਅਤੇ ਜੋ ਥੁਹੜੇ ਬਹੁਤ ਉਠਦੇ ਹਨ ਜਾਂ ਉਠਣ ਦੀ ਰੁਚੀ ਰਖਦੇ ਹਨ, ਉਨ੍ਹਾਂ ਦੀ ਇਹ ਰੁਚੀ ਹੀ ਮਾਰ ਦਿਤੀ ਜਾਏਗੀ ਅਤੇ ਇਹ ਬੜਾ ਵਡਾ ਦੋਸ਼ (ਪਾਪ) ਕਿਸ ਦੇ ਸਿਰ ਹੋਇਆ ? ਅਤੇ ਇਹ ਸਿਖੀ ਦੀ ਸੇਵਾ ਕਿਵੇਂ ਹੋਈ ?

ਸੇਵਕਾਂ (ਪ੍ਰਬੰਧਕਾਂ) ਨੂੰ ਵਾਹਿਗੁਰੂ ਜੀ ਦਾ ਡਰ ਰਖ ਕੇ ਸੇਵਾ ਕਰਨੀ ਚਾਹੀਦੀ ਹੈ। ਭੁਲ ਤਾਂ ਸਭ ਕੋਲੋਂ ਹੋ ਜਾਂਦੀ ਹੈ ਕਿਉਂਕਿ ਅਸੀ ਸਾਰੇ ਭੁਲਣਹਾਰ ਹਾਂ ਪਰ ਪਰਮਾਰਥ ਦੇ ਰਾਹ ਤੁਰਨ ਅਤੇ ਤੋਰਨ ਵਾਲਿਆਂ ਨੂੰ ਇਸ ਗਲ ਉਤੇ ਤਤਪਰ ਰਹਿਣਾ ਚਾਹੀਦਾ ਹੈ ਕਿ ਗੁਰਮਤਿ ਦੇ ਰਾਹ ਤੋਂ ਸੰਗਤ ਨੂੰ ਕੁਰਾਹੇ ਪਾਉਣ ਦੀ ਭੁਲ ਦਾ ਕਾਰਨ ਅਸੀਂ ਨਾ ਬਣੀਏ। ਅਤੇ ਇਸ ਨਾ ਬਖਸ਼ੇ ਜਾਣ ਵਾਲੇ ਅਪਰਾਧ ਤੋਂ ਬਚੀਏ।

ਭਾਈ ਸਾਹਿਬ ਭਾ: ਵੀਰ ਸਿੰਘ ਜੀ ਨੇ ਪੰਜ ਗ੍ਰੰਥੀ ਸਟੀਕ 'ਚ ਲਿਖਿਆ ਹੈ :—

ਅੰਮ੍ਰਿਤ ਵੇਲਾ :— ਉਹ ਸਮਾਂ ਜੋ ਅੰਮ੍ਰਿਤ ਤੁੱਲ ਰਸਦਾਇਕ ਤੇ ਅਮਰ ਪਦਵੀ ਵਲ ਲੈ ਜਾਣ ਲਈ ਉਪਯੋਗੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ।

ਸਿਖ ਰਹਿਤ ਮਰਿਯਾਦਾ (ਸ਼੍ਰੋਮਣੀ ਕਮੇਟੀ) ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ :—

"ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਨਾਮ ਜਪੇ।"

ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਕੀਰਤਨ 'ਆਸਾ ਕੀ ਵਾਰ' ਕਰਨ ਅਤੇ ਸੂਰਜ ਦੀ ਟਿਕੀ ਦੇ ਨਿਕਲਣ ਨਾਲ ਸਮਾਪਤੀ ਕਰਨ ਦੀ ਮਰਿਯਾਦਾ

ਉਸੇ ਤਰਾਂ ਹੋਣੀ ਚਾਹੀਦੀ ਹੈ ਜਿਵੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹੁੰਦੀ ਹੈ । ਉਥੇ ਸੂਰਜ ਚੜਨ ਸਮੇਂ ਹੀ ਆਸਾ ਕੀ ਵਾਰ ਦਾ ਭੋਗ ਪਾਇਆ ਜਾਂਦਾ ਹੈ ।

ਸੋ ਪ੍ਰਬੰਧਕਾਂ ਨੂੰ ਇਨ੍ਹਾਂ ਕੁਝ ਕੁ ਜ਼ਰੂਰੀ ਗਲਾਂ ਵਲ ਧਿਆਨ ਦੇਣਾ ਜ਼ਰੂਰੀ ਬਣਦਾ ਹੈ ।

ਕੀਰਤਨ ਸਮੇਂ ਚੁਪ ਚਾਪ, ਸਹਿਜੇ ਸਹਿਜੇ ਬਿਨਾਂ ਕਿਸੇ ਪ੍ਰੇਮੀ ਨੂੰ ਹਲੂਣੇ ਜਾਂ ਹਿਲਾਏ ਦੇ ਖਾਲੀ ਪਈ ਥਾਂ ਤੇ ਬੈਠ ਜਾਣਾ ਚਾਹੀਦਾ ਹੈ, ਤੇ ਜਿਥੋਂ ਤਕ ਹੋ ਸਕੇ ਅਖਾਂ ਬੰਦ ਕਰਕੇ, ਗੁਰੂ ਹਜ਼ੂਰੀ ਸਮਝ ਅਤੇ ਮੰਨ ਕੇ, ਕੀਰਤਨ ਸੁਣਨਾ ਚਾਹੀਦਾ ਹੈ ।

ਜਿਨ੍ਹਾਂ ਪ੍ਰਾਣੀਆਂ ਦੀ ਅੰਮ੍ਰਿਤ ਵੇਲੇ ਦੀ ਯਾਤਰਾ ਦਾ ਅਜੇ ਆਰੰਭ ਹੈ ਉਨ੍ਹਾਂ ਦੀ ਇਛਾ ਹੁੰਦੀ ਹੈ ਕਿ ਕੀਰਤਨੀਏ ਦੇ ਮੂੰਹ ਵਲ ਤਕਦੇ ਰਹਿਣ । ਇਸ ਤਰਾਂ ਗਾਇਣ ਕੀਤੇ ਸ਼ਬਦ ਦੀ ਵਧੇਰੇ ਸਮਝ ਆਉਂਦੀ ਹੈ ਪਰ ਇਹ ਆਦਰਸ਼ ਨਹੀਂ । ਕਿਉਂਕਿ ਪਰਚਾ ਸ਼ਬਦ ਦਾ ਹੈ ; ਇਥੇ ਅਖਾਂ ਦਾ ਕੰਮ ਨਹੀਂ।

ਕੀਰਤਨ ਕਰਨ ਵਾਲੇ ਅਤੇ ਸੁਣਨ ਵਾਲਿਆਂ (ਦੋਹਾਂ) ਦੇ ਨੈਣ ਮੁੰਦੇ ਹੀ ਹੋਣੇ ਚਾਹੀਦੇ ਹਨ । ਕੀਰਤਨੀ ਸਿੰਘਾਂ ਦਾ ਆਏ ਗਏ ਵਲ ਤਕਣਾ ਜਾਂ ਬੈਠੀ ਸੰਗਤ ਵਲ ਦੇਖਣਾ ਕਿ ਕੋਈ ਦਾਦ (ਵਾਹ ਵਾਹ) ਦੇਵੇ, ਗੁਰਮਤਿ ਰਹੁਰੀਤ ਅਨੁਸਾਰ ਨਹੀਂ ਹੈ । ਕੀਰਤਨੀ ਸਿੰਘਾਂ ਦਾ ਧਿਆਨ ਅਤੇ ਤਕਣੀ ਗੁਰੂ ਚਰਨਾਂ ਵਿਚ ਹੀ ਚਾਹੀਦੀ ਹੈ ।

ਜ਼ਿਆਦਾ ਤਰ ਕੀਰਤਨ ਚੁਪ ਰਹਿ ਕੇ ਹੀ ਸੁਣਨਾ ਚਾਹੀਦਾ ਹੈ । ਕੀਰਤਨੀਆਂ ਦੇ ਨਾਲ ਨਾਲ ਗਾਉਣ ਵਾਲੇ ਪ੍ਰੇਮੀ ਆਪਣੇ ਵਲੋਂ ਭਾਂਵੇ ਸੁਆਦ ਲੈਂਦੇ ਹਨ ਪਰ ਬਾਕੀਆਂ ਵਿਚੋਂ ਕਈਆਂ ਦੀ ਲਿਵ ਜੇ ਤੋੜ ਨਹੀਂ ਦੇਂਦੇ ਤਾਂ ਮਰੋੜ ਦੇਣ ਦਾ ਕਾਰਨ ਉਹ ਜ਼ਰੂਰ ਬਣਦੇ ਹਨ । ਸੋ ਇਹ ਵੀ ਭਲੇ ਵਾਲੀ ਗਲ ਨਹੀਂ ਹੈ ।

ਕਹਿੰਦੇ ਹਨ ਕਿ ਭਗਤੀ ਅਥਵਾ ਸਮਾਧੀ ਦਾ ਤੇਜ਼ ਰੋਸ਼ਨੀ ਦਾ ਵੈਰ ਹੈ। ਭਗਤੀ ਲਈ ਇਕਾਗਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ । ਚਟਕ ਮਟਕ ਅਤੇ ਤੇਜ਼ ਰੋਸ਼ਨੀ ਆਦਿ ਮਨ ਦੀ ਇਕਾਗਰਤਾ ਨੂੰ ਤੋੜਨ ਦਾ ਕਾਰਨ ਬਣਦੇ

ਹਨ। ਇਸ ਲਈ ਅੰਮ੍ਰਿਤ ਵੇਲੇ ਦੇ ਸਮਾਗਮਾਂ ਵਿਚ ਖਾਸ ਕਰਕੇ ਨਿੰਮ੍ਹੀ ਨਿੰਮ੍ਹੀ ਰੋਸ਼ਨੀ ਲਾਭਦਾਇਕ ਹੁੰਦੀ ਹੈ ਤੇ ਇਕਾਗਰਤਾ ਵਿਚ ਸਹਾਇਕ ਹੁੰਦੀ ਹੈ।

## ਗੁਰਬਾਣੀ ਅਤੇ ਆਸਾ ਕੀ ਵਾਰ

ਬਹੁਤ ਸਾਰੇ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਹੈ। ਯਾਦ ਰਵੇਂ ਕਿ ਸੁਖਮਨੀ ਸਾਹਿਬ ਦੇ ਪਾਠ ਦਾ ਕੋਈ ਸਮਾਂ ਨੀਯਤ ਨਹੀਂ ਹੈ। ਇਹ ਹਰ ਸਮੇਂ ਪੜੀ ਜਾ ਸਕਦੀ ਹੈ। ਪਰ ਆਸਾ ਕੀ ਵਾਰ ਦਾ ਸਮਾਂ 'ਅੰਮ੍ਰਿਤ ਵੇਲੇ' ਨਿਸਚਿਤ ਹੈ। ਇਸ ਲਈ ਇਸ ਦਾ ਕੀਰਤਨ ਨਿਸਚਿਤ ਸਮੇਂ ਹੀ ਗਾਇਣ ਕਰਨਾ ਬਣਦਾ ਹੈ।

ਅੰਮ੍ਰਿਤ ਵੇਲੇ ਨਿਰੋਲ ਅਖੰਡ ਕੀਰਤਨ ਹੋਣਾ ਚਾਹੀਦਾ ਹੈ। ਉਸ ਵਿਚ ਕੋਈ ਹੋਰ ਅਖਰ, ਕੱਚਾ ਬੋਲ, ਅਰਥਾਤ ਕੁਝ ਵੀ ਗੁਰਬਾਣੀ ਤੋਂ ਬਾਹਿਰ ਨਹੀਂ ਹੋਣਾ ਚਾਹੀਦਾ। ਬਾਣੀ ਦੇ ਅਰਥ ਸਮਝਣ-ਸਮਝਾਉਣ ਲਈ ਜਾਂ ਭਾਵ ਨੂੰ ਸਪਸ਼ਟ ਕਰਨ ਲਈ ਕਿਸੇ ਸੂਝ ਲਈ ਬਾਕੀ ਦੇ ਸੱਤ ਪਹਿਰ ਖੁਲ੍ਹੇ ਹਨ; ਜਿਨ੍ਹਾਂ ਵਿਚ "ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ" ਦਾ ਗੁਰ ਹੁਕਮ ਵੀ ਹੈ। ਸੋ ਇਸਤਰਾਂ ਅੰਮ੍ਰਿਤ ਵੇਲਾ ਨਿਸਚਿਤ ਹੈ ਨਿਰੋਲ "ਸਚੁ ਨਾਉ ਵਡਿਆਈ ਵੀਚਾਰੁ" ਲਈ ਅਤੇ ਇਸ ਮਗਰੋਂ ਕਥਾ ਵੀਚਾਰ ਅਤੇ ਵਿਆਖਿਆ ਹੋ ਸਕਦੀਆਂ ਹਨ।

**ਸੂਚਨਾ**

ਇਸ ਟ੍ਰੈਕਟ ਵਿਚਲਾ ਬਹੁਤਾ ਮੈਟਰ ਹਰ ਗੁਰਸਿਖ ਦੇ ਪੜਨ ਯੋਗ ਪੁਸਤਕ 'ਅੰਮ੍ਰਿਤ-ਵੇਲਾ' ਵਿਚੋਂ ਲਿਆ ਗਿਆ ਹੈ।

20/- ਰੁ: ਕੀਮਤ ਵਾਲੀ ਇਹ ਪੁਸਤਕ ਕਈ ਸਾਲਾਂ ਤੋਂ ਸਭਾ ਵਲੋਂ ਅੱਧੇ ਮੁੱਲ ਤੇ ਦਿੱਤੀ ਜਾ ਰਹੀ ਹੈ। ਪੁਸਤਕ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਸ. ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ ਤੋਂ ਮੰਗਵਾਏ ਜਾ ਸਕਦੇ ਹਨ। ਪ੍ਰਾਰਥਕ :

## ਵਿਚਾਰਨ ਯੋਗ ਗਲ

ਅਜ ਕਲ ਕੀਰਤਨ ਵਿਚ ਪ੍ਰਮਾਣ ਦੇਣ ਦਾ ਰਿਵਾਜ ਬਹੁਤ ਵਧ ਰਿਹਾ ਹੈ। ਪ੍ਰਮਾਣ ਨਾਂਹ ਦੇਣ ਜਾਂ ਦੇਣ ਬਾਰੇ ਵੀਚਾਰ ਤਾਂ ਵਖ ਵਖ ਹੋ ਸਕਦੇ ਹਨ ਪਰ ਇਸ ਗਲ ਵਿਚ ਤਾ ਸਾਰੇ ਹੀ ਸਹਿਮਤ ਹੋਣਗੇ ਕਿ ਗੁਰਬਾਣੀ ਦਾ ਹਰ ਸ਼ਬਦ ਆਪਣੇ ਆਪ ਵਿਚ ਮੁਕੰਮਲ ਹੈ, ਸੰਪੂਰਨ ਹੈ।

ਇਕ ਪਾਸੇ ਅਸੀਂ ਪੂਰੇ ਗੁਰੂ ਦੀ ਰਚਨਾ (ਸ਼ਬਦ) ਉਨਾਂ ਦੀ ਬਣਾਈ ਤਰਤੀਬ ਠੀਕ ਅਤੇ ਸੰਪੂਰਨ ਮੰਨਦੇ ਹਾਂ ਪਰ ਨਾਲ ਹੀ ਉਨਾਂ ਦੀ ਰਚੀ ਹੋਈ ਸ਼ਬਦ-ਤਰਤੀਬ ਨੂੰ ਤੋੜ ਕੇ ਆਪਣੀ ਨਵੇਂ ਸਿਰਿਓਂ ਤਰਤੀਬ ਘੜ ਕੇ (ਪ੍ਰਮਾਣ ਸ਼ਾਮਲ ਕਰਕੇ) ਪੜਨੀ-ਪੜਾਉਣੀ ਸ਼ੁਰੂ ਕਰ ਦੇਈਏ ਤਾਂ ਇਹ ਕਿਥੋਂ ਦੀ ਸਿਆਣਪ ਹੈ?

ਕੀ ਇਹ ਗੁਸਤਾਖੀ ਨਹੀਂ? ਨਿਰਾਦਰੀ ਨਹੀਂ? ਵੀਚਾਂਰਨ ਵਾਲੀ ਗੱਲ ਹੈ।

ਹਾਂ ਮੂਲ ਸ਼ਬਦ ਵਿਚਲੀ ਕਿਸੀ ਪੰਗਤੀ ਦੇ ਵੀਚਾਰਾਂ ਨੂੰ ਹੋਰ ਵਧੇਰੇ ਸਪਸ਼ਟ ਕਰਨ ਦੇ ਖਿਆਲ ਨਾਲ ਪ੍ਰਮਾਣ ਦੇਣ ਦਾ ਵੀਚਾਰ ਹੋਵੇ ਤਾਂ ਇਹ ਜਰੂਰੀ ਹੈ ਕਿ ਪਹਿਲਾਂ ਉਸ ਸ਼ਬਦ ਨੂੰ ਪੂਰਾ, ਸ਼ੁਰੂ ਤੋਂ ਅੰਤ ਤਕ ਗੁਰੂ ਪਾਤਸ਼ਾਹ ਦੀ ਦਿਤੀ ਤਰਤੀਬ ਅਨੁਸਾਰ ਗਾਇਣ ਕਰ ਲਿਆ ਜਾਏ ਫਿਰ ਸੰਬੰਧਤ ਪੰਗਤੀ, ਜਿਸ ਪ੍ਰਤੀ ਪ੍ਰਮਾਣ ਦੇਣੇ ਹਨ, ਨੂੰ ਮੁੜ ਪੜ੍ਹ ਕੇ ਉਸ ਸਬੰਧੀ ਪ੍ਰਮਾਣ ਦਿੱਤੇ ਜਾਣ ਤਾਂ ਕੋਈ ਹਰਜ ਨਹੀਂ।

ਪਰ ਇਹ ਖਿਆਲ ਰਖਣਾ ਵੀ ਜਰੂਰੀ ਹੁੰਦਾ ਹੈ ਕਿ ਪ੍ਰਮਾਣ ਵਾਲੀਆਂ ਪੰਗਤੀਆਂ ਦਾ ਵਿਸ਼ਾ-ਵਸਤੂ ਅਤੇ ਕਾਲ (ਸਮਾਂ) ਉਸ ਮੂਲ ਸ਼ਬਦ ਦੀ ਪੰਗਤੀ ਨਾਲ ਜਿਥੇ ਪੂਰਾ ਮੇਲ ਖਾਂਦਾ ਹੋਵੇ ਉਥੇ ਇਹ ਧਿਆਨ ਰਖਣਾ ਵੀ ਜਰੂਰੀ ਹੁੰਦਾ ਹੈ ਕਿ ਮੂਲ ਪੰਗਤੀ ਅਤੇ ਪ੍ਰਮਾਣੀ ਵਾਲੀ ਪੰਗਤੀ ਦੋਵੇਂ ਉਤਮ, ਮਧਮ ਜਾਂ ਅਨਯ ਪੁਰਖ ਵਿਚ ਹੀ ਹੋਣ (ਭਾਵ **Ist, 2nd or 3rd person** ਵਿਚ ਹੀ ਹੋਣ) ਇਹ ਨਾਂਹ ਹੋਵੇ ਕਿ ਮੂਲ ਸ਼ਬਦ ਦੀ ਪੰਗਤੀ ਉਤਮ ਪੁਰਖ ਵਿਚ ਹੋਵੇ ਅਤੇ ਪ੍ਰਮਾਣ ਦੀ ਪੰਗਤੀ ਮਧਮ ਜਾਂ ਅਨਯ ਪੁਰਖ ਵਿਚ ਹੋਵੇ।

ਕੀਰਤਨ ਕਰਨ ਵਾਲੇ ਵੀਰ ਜਾਂ ਭੈਣ ਨੂੰ ਗਾਇਣ ਕਰਨ ਵਾਲੇ ਸ਼ਬਦਾਂ ਦਾ ਸ਼ੁਧ ਉਚਾਰਨ ਅਤੇ ਯੋਗ ਥਾਂ ਤੇ ਬਿਸਰਾਮ ਦੇਣ ਦਾ ਠੀਕ ਪਤਾ ਤਾਂ ਹੀ ਹੋਏਗਾ ਜੇ ਉਸ ਨੂੰ ਉਸ ਸ਼ਬਦ ਦੇ ਅਰਥ ਭਾਵਾਂ ਦਾ ਕੁਝ ਗਿਆਨ ਹੋਵੇ ਗਾ, ਨਹੀਂ ਤਾਂ ਕੀਰਤਨੀਏ ਦਾ ਅਸ਼ੁਧ ਉਚਾਰਨ ਤੇ ਗਲਤ ਬਿਸਰਾਮ ਦੇ ਕੇ ਗਾਉਣ ਨਾਲ ਸ੍ਰੋਤੇ ਵੀ ਅਸ਼ੁਧ ਉਚਾਰਨ ਤੇ ਗਲਤ ਬਿਸਰਾਮ ਦੇ ਕੇ ਪੜਨਗੇ ਤੇ ਪਕਾਉਣਗੇ ਅਤੇ ਇਸ ਦਾ ਦੋਸ਼ ਸੁਣਾਉਣ ਵਾਲੇ ਤੇ ਹੀ ਆਏਗਾ।

ਨੋਟ : ਇਹ ਅਤੇ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਸੈਂਕੜਾ ਡਾਕ ਖਰਚ ਸਮੇਤ ਮੰਗਵਾਉਣ ਲਈ ਭੇਟਾ ਸ: ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ ਨੂੰ ਭੇਜੀ ਜਾ ਸਕਦੀ ਹੈ।